# ਭਾਰਤੀ ਪ੍ਰਸੰਗ ਵਿੱਚ ਪੰਜਾਬੀਅਤ : ਪਛਾਣ ਤੇ ਭਵਿੱਖ

ਜਗਬੀਰ ਸਿੰਘ*

ਪੰਜਾਬੀਅਤ ਦਾ ਸੰਕਲਪ, ਮੂਲਰੂਪ ਵਿੱਚ, ਭਾਰਤੀ ਉਪ-ਮਹਾਂਦੀਪ ਦੇ ਉਸ ਭੂਗੋਲਿਕ ਖਿੱਤੇ ਦੀ ਸਭਿਆਚਾਰਕ ਵਿਰਾਸਤ ਦੇ ਹਵਾਲੇ ਨਾਲ ਪਰਿਭਾਸ਼ਿਤ ਹੁੰਦਾ ਹੈ ਜਿਸਨੂੰ ਪੰਜ ਦਰਿਆਵਾਂ ਦੀ ਧਰਤੀ ਜਾਂ ਪੰਜਾਬ (ਪੰਜ+ਆਬ) ਆਖਿਆ ਜਾਂਦਾ ਹੈ। ਪੁਰਾਤਨ ਕਾਲ ਵਿੱਚ ਇਸ ਖਿੱਤੇ ਨਾਲ ਸੰਬੰਧਿਤ ਕੁਝ ਹੋਰ ਨਾਮ ਵੀ ਪ੍ਰਚੱਲਤ ਰਹੇ ਹਨ, ਜਿਵੇਂ – ਸਪਤ-ਸਿੰਧੂ, ਪੰਚ-ਨਦ, ਪੰਚਾਲ, ਮੱਦਰ ਦੇਸ ਆਦਿ। ਮਹੱਤਵਪੂਰਣ ਗੱਲ ਇਹ ਹੈ ਕਿ ਭਾਵੇਂ ਬਦਲਦੀਆਂ ਇਤਿਹਾਸਕ ਸਥਿਤੀਆਂ ਕਾਰਣ, ਕਾਲੰਤਰ ਵਿੱਚ, ਇਸ ਖਿੱਤੇ ਦੀਆਂ ਰਾਜਨੀਤਕ ਹੱਦ-ਬੰਦੀਆਂ ਵੀ ਬਣਦੀਆਂ ਬਦਲਦੀਆਂ ਰਹੀਆਂ ਹਨ ਪਰ ਪੰਜਾਬੀਆਂ ਦੀ ਸਭਿਆਚਾਰਕ ਪਛਾਣ ਦਾ ਮੂਲ ਧੁਰਾ ਅਤੇ ਸਦੀਵੀ ਪ੍ਰੇਰਣਾ-ਸਰੋਤ ਇਹੋ ਭੂਗੋਲਕ ਖੇਤਰ ਰਿਹਾ ਹੈ। ਸਿੰਧੂ-ਘਾਟੀ ਦੀ ਪੁਰਾਤਨ ਸਭਿਅਤਾ ਅਤੇ ਵੈਦਿਕ-ਆਰੀਆ ਸੰਸਕ੍ਰਿਤੀ ਦਾ ਕੇਂਦਰ ਰਿਹਾ ਇਹ ਖਿੱਤਾ ਸਦੀਆਂ ਤੋਂ ਭਾਰਤ ਵਿੱਚ ਪ੍ਰਵੇਸ਼ ਕਰਨ ਵਾਲੇ ਭਿੰਨ-ਭਿੰਨ ਸਭਿਆਚਾਰਾਂ, ਜੰਗਜੂ ਕਬੀਲਿਆਂ ਅਤੇ ਧਾੜਵੀਆਂ ਦਾ ਪ੍ਰਵੇਸ਼-ਦੁਆਰ ਵੀ ਰਿਹਾ ਹੈ। ਇਸ ਬਹੁ-ਭਾਂਤੀ ਸੰਪਰਕ ਅਤੇ ਸੰਘਰਸ਼ਮਈ ਅੰਤਰ-ਕਿਰਿਆ ਦੇ ਲੰਮੇ ਇਤਿਹਾਸ ਨੇ ਇੱਥੋਂ ਦੇ ਵਸਨੀਕਾਂ ਦੀ ਜੀਵਨ-ਵਿਧੀ ਅਤੇ ਮਨੋ-ਬਣਤਰ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਹੀ ਕਾਰਣ ਹੈ ਕਿ ਵਿਰੋਧੀ ਸਥਿਤੀਆਂ ਨਾਲ ਨਜਿੱਠਣ ਵਾਲੀ ਗਿਆਨ-ਯੁਕਤ ਕਰਮਸ਼ੀਲਤਾ ਅਤੇ ਨਾਬਰੀ ਪੰਜਾਬੀ ਬੰਦੇ ਦੇ ਅਵਚੇਤਨ ਵਿੱਚ ਵਸ ਗਈ ਹੈ ਜਿਸਨੇ ਇਨ੍ਹਾਂ ਨੂੰ ਅਤਿਆਚਾਰੀ ਧਿਰ ਨਾਲ, ਵਾਹ-ਲਗਦੀ, ਮੱਥਾ-ਡਾਹੁਣ, ਦੇਸ਼-ਕੌਮ ਦੀ ਰਾਖੀ ਲਈ ਮਰ ਮਿਟਣ, ਹਾਰ ਕੇ ਵੀ ਹਾਰ ਨਾ ਮੰਨਣ ਵਾਲੀ ਜੀਵਨ-ਸ਼ੈਲੀ ਪ੍ਰਦਾਨ ਕੀਤੀ ਹੈ। ਇਸਦੇ ਨਾਲ ਹੀ ਭਿੰਨਤਾਵਾਂ ਦਾ ਆਦਰ ਕਰਨ, ਹਰ ਓਪਰੇ ਸਭਿਆਚਾਰ ਨਾਲ ਬਰਾਬਰੀ ਦੇ ਆਧਾਰ ਤੇ ਸੰਵਾਦ ਰਚਾਉਣ ਅਤੇ ਹਰ ਨਵੇਂ ਵਿਚਾਰ ਨੂੰ ਜੀ ਆਇਆਂ ਕਹਿਣ ਵਾਲਾ ਇਨ੍ਹਾਂ ਦਾ ਸੁਭਾ ਵੀ ਸ਼ਾਇਦ ਇਸੇ ਇਤਿਹਾਸਕ ਅਨੁਭਵ ਦਾ ਸਿੱਟਾ ਹੈ।

ਮੁੱਢਲੀ ਗੱਲ ਇਹ ਹੈ ਕਿ ਪੰਜਾਬੀਅਤ ਦਾ ਇਹ ਸੰਕਲਪ ਕਿਸੇ ਇਕ ਦੇਸ਼, ਧਰਮ, ਕੌਮ, ਜਾਤ ਜਾਂ ਜਮਾਤ ਨਾਲ ਸੰਬੰਧਿਤ ਨਹੀਂ ਸਗੋਂ ਉਸ ਸਰਬ-ਸਾਂਝੇ ਸਭਿਆਚਾਰਕ ਵਿਰਸੇ ਦਾ ਲਖਾਇਕ ਹੈ ਜਿਸਦੀ ਸਿਰਜਣਾ ਵਿੱਚ ਇੱਥੋਂ ਦੇ ਰਿਸ਼ੀਆਂ-ਮੁਨੀਆਂ, ਸੰਤਾਂ-ਭਗਤਾਂ, ਗੁਰੂ ਵਿਅਕਤੀਆਂ ਅਤੇ ਸੂਫ਼ੀ ਪੀਰ-ਫ਼ਕੀਰਾਂ ਦੀ ਬਾਣੀ ਅਤੇ ਕਲਾਮ ਨੇ ਅਹਿਮ ਰੋਲ ਅਦਾ ਕੀਤਾ ਹੈ। ਕਲਾਸੀਕਲ ਅਤੇ ਮੱਧਕਾਲੀਨ ਦੌਰ ਦੇ ਇਨ੍ਹਾਂ ਧਰਮ-ਪ੍ਰਵਰਤਕਾਂ ਅਤੇ ਚਿੰਤਕਾਂ ਦਾ ਸਿਰਜਿਤ ਪ੍ਰਵਚਨ ਜੀਵੰਤ ਮੌਖਿਕ ਪਰੰਪਰਾ ਦੇ ਰੂਪ ਵਿੱਚ ਅੱਜ ਵੀ ਪੰਜਾਬੀ ਬੰਦੇ ਦੇ ਅਵਚੇਤਨ ਵਿੱਚ ਵਸਿਆ ਹੋਇਆ ਹੈ। ਇਸ ਸੰਦਰਭ ਵਿੱਚ ਪੰਜਾਬ ਦੀ ਧਰਤੀ ਉੱਤੇ ਰਚੇ ਗਏ 'ਰਿਗਵੇਦ' ਅਤੇ 'ਗੁਰੂ ਗ੍ਰੰਥ ਸਾਹਿਬ' ਵਰਗੇ ਮਹਾਂ-ਗ੍ਰੰਥਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜਿਨ੍ਹਾਂ ਨੇ ਪੰਜਾਬੀ ਬੰਦੇ ਨੂੰ ਜੀਵਨ ਅਤੇ ਯਥਾਰਥ ਦੀ ਵਿਆਖਿਆ ਕਰਨ ਵਾਲਾ ਦਾਰਸ਼ਨਿਕ ਮੁਹਾਵਰਾ ਪ੍ਰਦਾਨ ਕੀਤਾ। ਇਸਦੇ ਨਾਲ ਹੀ ਬਾਬਾ ਫਰੀਦ, ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁਲ੍ਹੇ ਸ਼ਾਹ ਅਤੇ ਗ਼ੁਲਾਮ

* ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

ਫ਼ਰੀਦ ਵਰਗੇ ਪੰਜਾਬੀ ਸੂਫ਼ੀ ਸ਼ਾਇਰਾਂ ਦੇ ਉਸ ਹਰਮਨ ਪਿਆਰੇ ਸ਼ਾਇਰਾਨਾ ਕਲਾਮ ਦਾ ਜ਼ਿਕਰ ਕਰਨਾ ਬਣਦਾ ਹੈ ਜੋ ਅੱਜ ਵੀ ਲੋਕਾਂ ਦੀ ਸਿਮਰਤੀ ਵਿੱਚ ਵਸਿਆ ਹੋਇਆ ਉਨ੍ਹਾਂ ਨੂੰ ਇਸ਼ਕ-ਹਕੀਕੀ ਦਾ ਦਰਸ ਦੇ ਰਿਹਾ ਹੈ। ਪੂਰਬੀ ਚਿੰਤਨ ਦੀ ਪ੍ਰਤਿਨਿਧਤਾ ਕਰਨ ਵਾਲੇ ਇਨ੍ਹਾਂ ਗਿਆਨ-ਪਾਠਾਂ ਨੇ ਆਪਣੇ ਮੁਕਤੀਦਾਇਕ ਪ੍ਰਵਚਨ ਰਾਹੀਂ ਪੰਜਾਬੀ ਬੰਦੇ ਨੂੰ ਧਾਰਮਿਕ ਸੰਕੀਰਣਤਾ ਤੋਂ ਮੁਕਤ ਹੋ ਕੇ ਵਿਚਰਨ ਅਤੇ ਆਪੇ ਤੇ ਬ੍ਰਹਿਮੰਡ ਨਾਲ ਇਕਸੁਰ ਹੋ ਕੇ ਜਿਉਣ ਦੀ ਜਾਚ ਸਿਖਾਈ ਹੈ।

ਅਜੋਕੇ ਦੌਰ ਵਿੱਚ ਪੰਜਾਬੀਅਤ ਦਾ ਸੰਕਲਪ ਹੁਣ ਨਿਰੋਲ ਖੇਤਰੀ ਪਛਾਣ ਤਕ ਸੀਮਤ ਨਹੀਂ ਰਿਹਾ। ਇਹ ਰਾਜਨੀਤਕ ਅਤੇ ਭੂਗੋਲਕ ਹੱਦ-ਬੰਦੀਆਂ ਤੋਂ ਪਾਰ ਵਸਦੇ ਅਤੇ ਦੇਸ਼-ਵਿਦੇਸ਼ ਵਿੱਚ ਫੈਲੇ ਉਸ ਵਿਸ਼ਾਲ ਪੰਜਾਬੀ ਭਾਈਚਾਰੇ ਨਾਲ ਸੰਬੰਧਿਤ ਹੋ ਗਿਆ ਹੈ ਜਿਸਨੇ ਆਪਣੀ ਭਾਸ਼ਾ, ਆਪਣੇ ਸਾਹਿਤ-ਸਭਿਆਚਾਰ, ਆਪਣੀਆਂ ਲੋਕਧਾਰਾਈ ਰੀਤਾਂ-ਰਵਾਇਤਾਂ, ਆਪਣੇ ਜੀਵਨ-ਦਰਸ਼ਨ ਅਤੇ ਜੀਵਨ-ਸ਼ੈਲੀ ਦੇ ਹਵਾਲੇ ਨਾਲ ਆਪਣੀ ਨਵੇਕਲੀ ਪਛਾਣ ਸਥਾਪਿਤ ਕਰਨ ਦਾ ਉਪਰਾਲਾ ਕੀਤਾ ਹੈ। ਇਹ ਪੰਜਾਬੀ ਭਾਈਚਾਰਾ ਅੱਜ ਭਾਰਤ ਅਤੇ ਪਾਕਿਸਤਾਨ ਵਿਚਕਾਰ ਵੰਡੇ ਹੋਏ ਦੋ ਪੰਜਾਬਾਂ ਵਿੱਚ ਵੀ ਵਸਦਾ ਹੈ ਅਤੇ ਚੋਖੀ ਗਿਣਤੀ ਵਿੱਚ ਦੁਨੀਆਂ ਦੇ ਤਕਰੀਬਨ 150 ਮੁਲਕਾਂ ਵਿੱਚ ਵੀ ਵਾਸੀ ਜਾਂ ਪਰਵਾਸੀ ਬਣ ਕੇ ਰਹਿ ਰਿਹਾ ਹੈ। ਤਿੰਨ ਥਾਈਂ ਵੰਡੀ ਹੋਈ ਇਸ ਪੰਜਾਬੀਅਤ ਦੀ ਹੋਂਦ-ਮੁਖੀ ਸਥਿਤੀ ਅਤੇ ਸਮੱਸਿਆ ਵਿੱਚ ਵੱਖਰਤਾ ਹੈ। ਭਾਰਤੀ ਪੰਜਾਬੀਆਂ ਦੇ ਮਸਲੇ ਵੱਖਰੇ ਹਨ, ਪਾਕਿਸਤਾਨੀ ਪੰਜਾਬੀਆਂ ਦੇ ਵੱਖਰੇ ਅਤੇ ਪਰਵਾਸੀ ਪੰਜਾਬੀਆਂ ਦੇ ਦੋਹਾਂ ਨਾਲੋਂ ਵੱਖਰੇ। ਪਰ ਇਸ ਸਮੁੱਚੀ ਪੰਜਾਬੀਅਤ ਨੂੰ ਹੁਣ ਆਪਣੀ ਨਵੇਕਲੀ ਸਭਿਆਚਾਰਕ ਪਛਾਣ ਬਣਾਈ ਰੱਖਣ ਜਾਂ ਬਚਾਉਣ ਦਾ ਖ਼ਤਰਾ ਦਰਪੇਸ਼ ਹੈ। ਇਸਦਾ ਮੁੱਖ ਕਾਰਣ ਅਜੋਕੀ ਬਹੁ-ਕੌਮੀ ਪੂੰਜੀਵਾਦੀ ਅਰਥ-ਵਿਵਸਥਾ ਅਤੇ ਮੰਡੀ ਆਰਥਿਕਤਾ ਹੈ ਜਿਸਨੇ ਅਖੌਤੀ ਵਿਸ਼ਵੀਕਰਣ ਦੇ ਪਰਦੇ ਹੇਠਾਂ ਆਪਣੇ ਆਰਥਿਕ ਦੀ ਪੂਰਤੀ ਲਈ ਪੂੰਜੀ ਅਤੇ ਮੁਨਾਫ਼ੇ ਦੇ ਬੇਰੋਕ ਵਹਾਉ ਨੂੰ ਯਕੀਨੀ ਬਣਾਉਣ ਦੇ ਉਪਰਾਲੇ ਕੀਤੇ ਹਨ। ਅਤਿ-ਵਿਕਸਿਤ ਮੀਡੀਆ-ਤੰਤਰ ਦੇ ਮਾਧਿਅਮ ਰਾਹੀਂ ਨਵੀਂ ਕਿਸਮ ਦੇ ਖਪਤ-ਸਭਿਆਚਾਰ ਅਤੇ ਪੱਛਮੀ ਜੀਵਨ-ਸ਼ੈਲੀ ਦਾ ਅੰਧਾ-ਧੁੰਦ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੀ ਇਸ ਨਵ-ਸਾਮਰਾਜੀ ਵਿਸ਼ਵ-ਵਿਵਸਥਾ ਨੇ ਖੇਤਰੀ ਅਤੇ ਸਥਾਨਕ ਸਭਿਆਚਾਰਾਂ ਦੀ ਦੇਸੀ ਰਹਿਤਲ ਨੂੰ ਖੋਰਾ ਲਾਉਣ ਜਾਂ ਪਲੀਤ ਕਰਨ ਦਾ ਜਤਨ ਕੀਤਾ ਹੈ।

ਪਰ ਇਸ ਮੰਦ-ਭਾਗੀ ਸਥਿਤੀ ਦਾ ਇਕ ਹਾਂ-ਪੱਖੀ ਪ੍ਰਤਿਕਰਮ ਵੀ ਸਾਮ੍ਹਣੇ ਆਇਆ ਹੈ। ਅਸਤਿਤਵੀ ਸੰਕਟ ਦੀ ਮਾਰ ਹੇਠਾਂ ਆਏ ਇਨ੍ਹਾਂ ਖੇਤਰੀ ਸਭਿਆਚਾਰਾਂ ਦੇ ਸੂਝਵਾਨ ਤਬਕਿਆਂ ਵਿੱਚ ਹੁਣ ਆਪੋ ਆਪਣੀ ਸਭਿਆਚਾਰਕ ਵਿਰਾਸਤ ਨੂੰ ਸਾਂਭਣ ਦਾ ਅਹਿਸਾਸ ਵੀ ਉੱਭਰ ਕੇ ਸਾਮ੍ਹਣੇ ਆ ਰਿਹਾ ਹੈ। ਇਸੇ ਕਿਸਮ ਦਾ ਅਹਿਸਾਸ ਅੱਜ ਭਾਰਤੀ, ਪਾਕਿਸਤਾਨੀ ਅਤੇ ਪਰਵਾਸੀ ਪੰਜਾਬੀ ਭਾਈਚਾਰੇ ਵਿੱਚ ਉੱਭਰ ਰਿਹਾ ਹੈ ਜਿਸਦੇ ਆਪੋ-ਆਪਣੇ ਮਸਲੇ ਤੇ ਸਰੋਕਾਰ ਹਨ। ਹਥਲੇ ਪਰਚੇ ਵਿੱਚ ਸਾਡਾ ਸਰੋਕਾਰ ਭਾਰਤ ਦੇ ਭਿੰਨ-ਭਿੰਨ ਪ੍ਰਦੇਸ਼ਾਂ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਵਸਦੇ ਪੰਜਾਬੀ ਭਾਈਚਾਰੇ ਨਾਲ ਹੈ। ਮਸਲਾ ਇਹ ਹੈ ਕਿ ਭਾਰਤੀ ਪ੍ਰਸੰਗ ਵਿੱਚ ਪੰਜਾਬੀਅਤ ਦੀ ਕਿਸ ਕਿਸਮ ਦੀ ਨਵੀਂ ਪਛਾਣ ਉੱਭਰ ਰਹੀ ਹੈ? ਇੱਥੋਂ ਦੀਆਂ ਰਾਸ਼ਟਰੀ ਅਤੇ ਪ੍ਰਾਦੇਸ਼ਕ ਸਥਿਤੀਆਂ ਦੇ ਸਨਮੁੱਖ ਇਸਨੂੰ ਕਿਸ ਕਿਸਮ ਦੇ

ਸਭਿਆਚਾਰਕ ਸੰਕਟਾਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ? ਇਸਦੇ ਨਾਲ ਹੀ ਅਸੀਂ ਇਸਦੀ ਭਵਿੱਖਾਰਥੀ ਦਿਸ਼ਾ ਦਾ ਅਨੁਮਾਨ ਲਾਉਣ ਦੀ ਚੇਸ਼ਟਾ ਵੀ ਕੀਤੀ ਹੈ। ਪਿਛਲੇ ਤਿੰਨ ਸਾਲਾਂ ਤੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ ਵਚਨ-ਬੱਧ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਆਯੋਜਿਤ ਕੀਤੀਆਂ ਜਾ ਰਹੀਆਂ ਇਨ੍ਹਾਂ ਸਰਬ-ਭਾਰਤੀ ਕਾਨਫ਼ਰੰਸਾਂ ਦਾ ਮੁੱਖ ਉਦੇਸ਼ ਵੀ ਇਹੋ ਹੈ। ਇਨ੍ਹਾਂ ਕਾਨਫ਼ਰੰਸਾਂ ਦੇ ਮਾਧਿਅਮ ਰਾਹੀਂ ਭਾਰਤ ਦੇ ਕੋਨੇ-ਕੋਨੇ ਵਿੱਚ ਵਸੇ ਹੋਏ ਸੂਝਵਾਨ ਅਤੇ ਸੁਚੇਤ ਪੰਜਾਬੀਆਂ ਨੂੰ ਆਮੰਤ੍ਰਿਤ ਕਰਕੇ ਪੰਜਾਬੀ ਭਾਈਚਾਰੇ ਨੂੰ ਦਰਪੇਸ਼ ਵਿਭਿੰਨ ਭਾਸ਼ਾਈ ਅਤੇ ਸਭਿਆਚਾਰਕ ਮਸਲਿਆਂ ਦੀ ਨਿਸ਼ਾਨਦੇਹੀ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਜੋ ਭਾਰਤ ਵਿੱਚ ਪੰਜਾਬੀਅਤ ਦੇ ਸੰਕਲਪ ਨੂੰ ਪ੍ਰਫੁਲੱਤ ਕਰਨ ਲਈ ਪੁੱਟਿਆ ਗਿਆ ਇਕ ਮੁਬਾਰਕ ਕਦਮ ਹੈ।

ਭਾਰਤੀ ਪ੍ਰਸੰਗ ਵਿੱਚ ਪੰਜਾਬੀਅਤ ਦਾ ਅਜੋਕਾ ਇਤਿਹਾਸ ਅੰਗ੍ਰੇਜ਼ਾ ਦੀ ਬਸਤੀਵਾਦੀ ਹਕੂਮਤ ਦੇ ਖਾਤਮੇ ਅਤੇ ਸੁਤੰਤਰਤਾ ਪ੍ਰਾਪਤੀ ਨਾਲ ਸ਼ੁਰੂ ਹੁੰਦਾ ਹੈ। 1947 ਵਿੱਚ ਕੌਮੀ ਮੁਕਤੀ ਅੰਦੋਲਨ ਦੇ ਵਧ ਰਹੇ ਪ੍ਰਭਾਵ ਅਤੇ ਦੂਸਰੇ ਸੰਸਾਰ-ਯੁੱਧ ਕਾਰਣ ਬਦਲੀਆਂ ਹੋਈਆਂ ਅੰਤਰ-ਰਾਸ਼ਟਰੀ ਪਰਿਸਥਿਤੀਆਂ ਦੇ ਦਬਾਉ ਅਧੀਨ ਅੰਗ੍ਰੇਜ਼ਾਂ ਨੇ ਹਿੰਦੁਸਤਾਨ ਨੂੰ ਆਜ਼ਾਦ ਤਾਂ ਕਰ ਦਿੱਤਾ ਪਰ ਇਹ ਆਜ਼ਾਦੀ ਇਸਨੂੰ ਫ਼ਿਰਕੂ ਆਧਾਰ ਤੇ ਕੀਤੀ ਗਈ ਭਾਰਤ-ਪਾਕ ਵੰਡ ਦੇ ਰੂਪ ਵਿੱਚ ਪ੍ਰਾਪਤ ਹੋਈ। ਇਸ ਦੇਸ਼-ਵੰਡ ਦਾ ਦੁਖਾਂਤ ਵਧੇਰੇ ਪੰਜਾਬੀਆਂ ਨੂੰ ਭੁਗਤਣਾ ਪਿਆ। ਇਸਦੇ ਸਿੱਟੇ ਵਜੋਂ ਪੱਛਮੀ ਅਤੇ ਪੂਰਬੀ ਪੰਜਾਬ ਵਿੱਚ ਵਸਦੇ ਲੱਖਾਂ ਪੰਜਾਬੀਆਂ ਨੂੰ ਅਮਾਨਵੀ ਕਤਲੋਗਾਰਤ ਅਤੇ ਉਜਾੜੇ ਦਾ ਸ਼ਿਕਾਰ ਹੋਣਾ ਪਿਆ। ਵੱਡੀ ਪੱਧਰ ਉੱਤੇ ਹੋਏ ਹਿੰਦੂ-ਸਿੱਖ ਅਤੇ ਮੁਸਲਮਾਨ ਆਬਾਦੀ ਦੇ ਵਟਾਂਦਰੇ ਨੇ ਇਕੋ ਝਟਕੇ ਨਾਲ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿੱਚ ਜਨ-ਸੰਖਿਆ ਦੇ ਧਰਮ-ਆਧਾਰਿਤ ਸੰਤੁਲਨ ਨੂੰ ਹੀ ਤਬਦੀਲ ਨਹੀਂ ਕੀਤਾ ਸਗੋਂ ਇਕ ਤਰ੍ਹਾਂ ਨਾਲ ਸਰਬ-ਸਾਂਝੀ ਪੰਜਾਬੀਅਤ ਦੇ ਸੰਕਲਪ ਨੂੰ ਹੀ ਖੰਡਿਤ ਕਰ ਦਿੱਤਾ। ਅੰਗ੍ਰੇਜ਼ੀ ਸਾਮਰਾਜ ਦੀ 'ਪਾੜੋ ਅਤੇ ਰਾਜ ਕਰੋ' ਦੀ ਸਿੱਕੇ-ਬੰਦ ਨੀਤੀ ਅਧੀਨ ਸ਼ੁਰੂ ਕੀਤੀ ਗਈ ਫ਼ਿਰਕੂ ਸਿਆਸਤ ਦੀ ਇਹ ਖੇਡ ਆਜ਼ਾਦੀ ਤੋਂ ਬਾਦ ਵੀ ਮੁੱਕੀ ਨਹੀਂ। ਮੰਦ-ਭਾਗੀ ਗੱਲ ਤਾਂ ਇਹ ਹੈ ਕਿ ਸੱਤਾ ਸੰਘਰਸ਼ ਲਈ ਆਮ ਲੋਕਾਈ ਨੂੰ ਫ਼ਿਰਕੂ ਆਧਾਰ ਤੇ ਵੰਡਣ ਵਾਲੀ ਇਹ ਸੌੜੀ ਸਿਆਸਤ ਵਾਰ-ਵਾਰ ਉੱਭਰਦੀ ਰਹੀ ਹੈ। ਆਜ਼ਾਦੀ ਤੋਂ ਬਾਦ ਇਸਨੇ ਭਾਰਤੀ ਪੰਜਾਬ ਵਿੱਚ ਵਸਦੇ ਅਤੇ ਨਹੁੰ-ਮਾਸ ਦੇ ਰਿਸ਼ਤੇ ਵਿੱਚ ਬੱਝੇ ਹਿੰਦੂਆਂ ਅਤੇ ਸਿੱਖਾਂ ਨੂੰ ਸੱਤਾ-ਸੰਘਰਸ਼ ਦੇ ਮੋਹਰੇ ਬਣਾਉਣਾ ਸ਼ੁਰੁ ਕਰ ਦਿੱਤਾ। ਪਹਿਲਾਂ ਭਾਸ਼ਾਈ ਆਧਾਰ ਤੇ ਪੰਜਾਬੀ ਸੂਬੇ ਦੀ ਸਥਾਪਤੀ ਵੇਲੇ ਅਤੇ ਬਾਦ ਵਿੱਚ ਪੰਜਾਬ ਦੀਆਂ ਖੇਤਰੀ ਮੰਗਾਂ ਨੂੰ ਲੈ ਕੇ ਕੀਤੇ ਗਏ ਸੰਘਰਸ਼ ਦੌਰਾਨ ਇਸ ਫ਼ਿਰਕੂ ਸਿਆਸਤ ਨੇ ਪੰਜਾਬੀਆਂ ਨੂੰ ਵੰਡਣ ਦੀਆਂ ਸਾਜ਼ਿਸ਼ਾਂ ਰਚੀਆਂ। ਪਿਛਲੀ ਸਦੀ ਦੇ ਅੱਠਵੇਂ ਅਤੇ ਨੌਵੇਂ ਦਹਾਕੇ ਦੌਰਾਨ ਤਾਂ ਇਸਦਾ ਸੱਭ ਤੋਂ ਵਿਕਰਾਲ ਚਿਹਰਾ ਸਾਮ੍ਹਣੇ ਆਇਆ। ਇਸ ਦੌਰਾਨ ਵਾਪਰੇ ਘਟਨਾ-ਕ੍ਰਮ ਦਾ ਵੇਰਵਾ ਹਿੰਸਾ ਅਤੇ ਪ੍ਰਤਿ-ਹਿੰਸਾ ਨਾਲ ਸੰਬੰਧਿਤ ਦਹਿਸ਼ਤਵਾਦੀ ਕਾਰਵਾਈਆਂ ਅਤੇ ਨਸਲਕੁਸ਼ੀ ਵਰਗੇ ਫ਼ਿਰਕੂ ਦੰਗਿਆਂ ਦੁਆਲੇ ਘੁੰਮਦਾ ਹੈ ਜਿਸਨੂੰ ਦੁਹਰਉਣ ਦੀ ਲੋੜ ਨਹੀਂ ਸਗੋਂ ਸਬਕ ਲੈਣ ਦੀ ਜ਼ਰੂਰਤ ਹੈ। ਸਬਕ ਇਹੀ ਹੈ ਕਿ ਸੰਪ੍ਰਦਾਇਕ ਸੰਕੀਰਣਤਾ ਅਤੇ ਮੂਲਵਾਦ ਦਾ ਧਰਮ ਦੇ ਹਕੀਕੀ ਅਤੇ ਰੂਹਾਨੀ ਅਰਥਾਂ ਨਾਲ ਕੋਈ ਸਰੋਕਾਰ ਨਹੀਂ। ਇਹ ਤਾਂ ਧਰਮ ਦੀ ਦੇ ਕਲਿਆਣਕਾਰੀ ਸਰੂਪ ਨੂੰ ਵਿਕ੍ਰਿਤ ਅਤੇ ਪਲੀਤ ਕਰਨ ਵਾਲੀ ਮਨੋਬਿਰਤੀ ਦੀਆਂ ਅਲਾਮਤਾਂ ਹਨ। ਧਰਮ ਦੀ ਇਸ ਕਿਸਮ ਦੀ ਸਿਆਸੀ ਦੁਰਵਰਤੋਂ ਅਮਨ-ਪਸੰਦ ਭਾਈਚਾਰਿਆਂ ਰਵਾਇਤੀ ਸਾਂਝ ਨੂੰ ਤੋੜ ਕੇ ਬੇਲੋੜੇ ਸੰਘਰਸ਼ ਅਤੇ

ਟਕਰਾਉ ਦੇ ਰਾਹ ਤੋਰ ਦਿੰਦੀ ਹੈ ਜੋ ਕਿਸੇ ਵੀ ਨਾਗਰਿਕ ਸਮਾਜ (civil society) ਲਈ ਖ਼ੁਦ-ਕੁਸ਼ੀ ਦੇ ਬਰਾਬਰ ਹੈ। ਇਹ ਰਸਤਾ ਸਭਿਅਤਾਵਾਂ ਦੇ ਭੇੜ ਵਲ ਜਾਂਦਾ ਹੈ ਅਤੇ ਹੌਲੀ ਹੌਲੀ ਸਮੁੱਚੀ ਮਾਨਵਤਾ ਨੂੰ ਆਪਣੀ ਲਪੇਟ ਵਿੱਚ ਲੈ ਲੈਂਦਾ ਹੈ। ਦਹਿਸ਼ਤ, ਦਮਨ ਅਤੇ ਬੇਭਰੋਸਗੀ ਦੇ ਅਜਿਹੇ ਸੰਕਟ ਕਾਲ ਵਿੱਚ ਆਮ ਤੌਰ ਤੇ ਮਨੁੱਖ ਦੀ ਸਭਿਆਚਾਰਕ ਪਛਾਣ ਨੂੰ ਹੀ ਖੋਰਾ ਲਗਦਾ ਹੈ। ਖ਼ੁਸ਼-ਕਿਸਮਤੀ ਨੂੰ ਸੌੜੀ ਸਿਆਸਤ ਦਾ ਰਚਿਆ ਹੋਇਆ ਇਹ ਭਿਆਨਕ ਦੌਰ ਸਾਡੀ ਸਦੀਆਂ ਪੁਰਾਣੀ ਸਭਿਆਚਾਰਕ ਸਾਂਝ ਨੂੰ ਪੂਰੀ ਤਰ੍ਹਾਂ ਤੋੜਨ ਵਿੱਚ ਸਫਲ ਨਹੀਂ ਹੋ ਸਕਿਆ। ਪਰ ਇਸ ਕਿਸਮ ਦਾ ਸਭਿਆਚਾਰਕ ਸੰਕਟ ਕਦੇ ਵੀ ਅਤੇ ਕਿਧਰੇ ਵੀ ਫੇਰ ਉੱਭਰ ਸਕਦਾ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਸੁਚੇਤ ਹੋ ਕੇ ਸਭਿਆਚਾਰਕ ਸਾਂਝ ਦੀ ਸਥਿਰਤਾ ਉੱਤੇ ਸਖ਼ਤੀ ਨਾਲ ਪਹਿਰਾ ਦੇਣਾ ਚਾਹੀਦਾ ਹੈ। ਭਿੰਨਤਾਵਾਂ ਅਤੇ ਵੱਖਰਤਾਵਾਂ ਦਾ ਆਦਰ ਕਰਨ ਅਤੇ ਸ਼ਾਂਤਮਈ ਸਹਿ-ਹੋਂਦ ਦਾ ਹੋਰ ਕੋਈ ਬਦਲ ਨਹੀਂ। ਭਾਰਤ ਵਰਗੇ ਬਹੁ-ਭਾਸ਼ਾਈ, ਬਹੁ-ਸਭਿਆਚਾਰਕ ਅਤੇ ਬਹੁ-ਧਾਰਮਿਕ ਦੇਸ਼ ਦੀ ਸਲਾਮਤੀ ਅਤੇ ਖ਼ੁਸ਼ਹਾਲੀ ਲਈ ਇਸ ਕਿਸਮ ਦੀ ਸੰਪ੍ਰਦਾਇਕ ਸੁਹਿਰਦਤਾ ਅਤੇ ਸਾਂਝ ਬਣਾਈ ਰੱਖਣੀ ਬਹੁਤ ਜ਼ਰੂਰੀ ਹੈ। ਇਹੀ ਉਹ ਮੌਕਾ ਹੈ ਜਦੋਂ ਸਾਨੂੰ ਵਰਤਮਾਨ ਭਾਰਤੀ ਪ੍ਰਸੰਗ ਵਿੱਚ ਪੰਜਾਬੀਅਤ ਦੇ ਸੰਕਲਪ ਨੂੰ ਇਕ ਵਾਰੀ ਫੇਰ ਉਸਦੇ ਮੌਲਿਕ ਸਰੂਪ ਵਿੱਚ ਉਜਾਗਰ ਕਰਨਾ ਚਾਹੀਦਾ ਹੈ।

ਸੱਭ ਤੋਂ ਪਹਿਲਾਂ ਪੰਜਾਬੀਅਤ ਦੀ ਪਛਾਣ ਦਾ ਮਸਲਾ ਸਾਮ੍ਹਣੇ ਆਉਂਦਾ ਹੈ। ਜਿਹਾ ਕਿ ਪਹਿਲਾਂ ਵੀ ਸੰਕੇਤ ਕੀਤਾ ਗਿਆ ਹੈ, ਪੰਜਾਬੀਅਤ ਮੂਲਰੂਪ ਵਿੱਚ ਪੰਜਾਬੀ ਭਾਈਚਾਰੇ ਦੀ ਨਵੇਕਲੀ ਪਛਾਣ ਦਾ ਲਖਾਇਕ ਸੰਕਲਪ ਹੈ। ਪੰਜਾਬੀ ਬੰਦੇ ਦੀ ਇਹ ਪਛਾਣ ਮੁੱਖ ਤੌਰ ਤੇ ਉਸਦੀ ਭਾਸ਼ਾ, ਉਸਦੀਆਂ ਸਭਿਆਚਾਰਕ ਰੀਤਾਂ-ਰਵਾਇਤਾਂ ਅਤੇ ਉਸਦੀ ਲੋਕਧਾਰਾਈ ਵਿਰਾਸਤ ਦੇ ਮਾਧਿਅਮ ਰਾਹੀਂ ਸਥਾਪਿਤ ਹੁੰਦੀ ਹੈ। ਮਹੱਤਵਪੂਰਣ ਗੱਲ ਇਹ ਹੈ ਕਿ ਇਹ ਪਛਾਣ ਉਸਦੀ ਜਾਤ-ਬਰਾਦਰੀ, ਕੌਮ-ਕੌਮੀਅਤ, ਰੰਗ-ਨਸਲ ਅਤੇ ਧਰਮ-ਸੰਪ੍ਰਦਾਇ ਦੇ ਹਵਾਲੇ ਨਾਲ ਸਥਾਪਿਤ ਹੋਣ ਵਾਲੀ ਪਛਾਣ ਨਾਲੋਂ ਵੱਖਰੀ, ਸਮਾਨੰਤਰ ਤੇ ਸੁਤੰਤਰ ਪਛਾਣ ਹੈ ਜੋ ਇਨ੍ਹਾਂ ਸਾਰੇ ਤੱਤਾਂ ਨੂੰ ਆਪਣੇ ਅੰਦਰ ਸਮੋ ਲੈਂਦੀ ਹੈ। ਪੰਜਾਬੀ ਬੰਦਾ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਬੋਧੀ, ਜੈਨੀ, ਭਾਰਤੀ ਜਾਂ ਪਾਕਿਸਤਾਨੀ ਹੁੰਦਾ ਹੋਇਆ ਪੰਜਾਬੀ ਹੋਣ ਨਾਤੇ ਪੰਜਾਬੀ ਹੀ ਅਖਵਾਉਂਦਾ ਹੈ। ਇਸ ਤਰ੍ਹਾਂ ਪੰਜਾਬੀਅਤ ਦਾ ਇਹ ਸੰਕਲਪ ਸਮੂਹ ਪੰਜਾਬੀਆਂ ਨੂੰ ਪਸਪਰ ਸਾਂਝ ਦੇ ਅਜਿਹੇ ਧਰਾਤਲ ਤੇ ਲਿਆ ਖਲ੍ਹਾਰਦਾ ਹੈ ਜਿੱਥੇ ਉਨ੍ਹਾਂ ਦੇ ਹੋਰ ਦੂਸਰੇ ਪਛਾਣ-ਚਿੰਨ੍ਹ ਕਿਸੇ ਕਿਸਮ ਦੀ ਦਖ਼ਲ-ਅੰਦਾਜ਼ੀ ਨਹੀਂ ਕਰਦੇ। ਸੱਚ ਤਾਂ ਇਹ ਹੈ ਕਿ ਪੰਜਾਬੀਅਤ ਦਾ ਨਿਰਮਾਨ ਕਰਨ ਵਾਲੇ ਇਹ ਤਿੰਨੇ ਹੀ ਤੱਤ – ਭਾਸ਼ਾ, ਸਭਿਆਚਾਰ ਅਤੇ ਲੋਕਧਾਰਾ – ਆਪਣੀ ਸੁਤੰਤਰ ਹੈਸੀਅਤ ਰੱਖਦੇ ਹਨ। ਇਨ੍ਹਾਂ ਨੂੰ ਕਿਸੇ ਧਰਮ, ਕੌਮ ਜਾਂ ਕੌਮੀਅਤ ਦੇ ਸੰਕਲਪਾਂ ਨਾਲ ਰਲਗਡ ਕਰਕੇ ਦੇਖਣਾ ਉਚਿਤ ਨਹੀਂ। ਮੰਦ-ਭਾਗੀ ਗੱਲ ਇਹ ਹੈ ਕਿ ਪੰਜਾਬੀਅਤ ਦੇ ਸੰਕਲਪ ਨਾਲ ਕੁਝ ਅਜਿਹਾ ਹੀ ਵਾਪਰਿਆ ਹੈ। ਅੰਗ੍ਰੇਜ਼ਾਂ ਨੇ ਕੌਮੀ ਮੁਕਤੀ ਅੰਦੋਲਨ ਨੂੰ ਕਮਜ਼ੋਰ ਕਰਨ ਲਈ ਫ਼ਿਰਕੂ ਸਿਆਸਤ ਦੇ ਜਿਹੜਾ ਬੀਜ ਬਜਿਆ ਸੀ ਉਸਨੇ ਭਾਸ਼ਾਵਾਂ ਅਤੇ ਸਭਿਆਚਾਰਾਂ ਨੂੰ ਧਰਮ ਨਾਲ ਜੋੜਨ ਦੀ ਮਸਨੂਈ ਪ੍ਰਵਿਰਤੀ ਨੂੰ ਉਤਸਾਹਿਤ ਕੀਤਾ। ਇਸੇ ਸਾਜ਼ਿਸ਼ ਅਧੀਨ ਹਿੰਦੀ, ਉਰਦੂ ਅਤੇ ਪੰਜਾਬੀ ਨੂੰ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਨਾਲ ਸੰਬੰਧਿਤ ਕਰਕੇ ਪ੍ਰਚਾਰਿਆ ਜਾਣ ਲੱਗਾ। ਚੇਤ-ਅਚੇਤੀ ਇਸ ਪ੍ਰਵਿਰਤੀ ਨੂੰ ਹੋਰ ਪੱਕਾ ਕਰਨ ਵਿੱਚ ਇਸ ਦੌਰ ਦੀਆਂ ਧਰਮ-ਸੁਧਾਰ ਲਹਿਰਾਂ ਦਾ ਵੀ ਰੋਲ ਹੈ। ਵਿਭਿੰਨ ਧਾਰਮਿਕ ਭਾਈਚਾਰਿਆਂ ਨੇ ਆਪੋ ਆਪਣੇ ਧਾਰਮਿਕ ਵਿਰਸੇ ਨੂੰ ਸਾਂਭਣ ਦੇ ਉਮਾਹ

ਵਿੱਚ ਆਕੇ, ਇਸ ਮਸਨੂਈ ਵੰਡ ਕਿਸੇ ਹੱਦ ਤਕ ਪ੍ਰਵਾਨ ਵੀ ਕਰ ਲਿਆ। ਪੰਜਾਬੀ ਭਾਸ਼ਾ ਹੁਣ ਸਿੱਖਾਂ ਦੀ ਭਾਸ਼ਾ ਬਣ ਕੇ ਰਹਿ ਗਈ। ਸਰਬ-ਸਾਂਝੀ ਪੰਜਾਬੀਅਤ ਦੇ ਸੰਕਲਪ ਨੂੰ ਖੰਡਿਤ ਹੋਣ ਤੋਂ ਬਚਾਉਣ ਲਈ ਇਸ ਮਸਨੂਈ ਵੰਡ ਨੂੰ ਨਕਾਰਨ ਦੀ ਲੋੜ ਹੈ ਜਿਸਦੀ ਸੋਝੀ ਸਾਨੂੰ ਦੇਰ ਨਾਲ ਆਈ ਹੈ। ਸਰਬ-ਭਾਰਤੀ ਪੰਜਾਬੀ ਕਾਨਫ਼ਰੰਸ ਵਿੱਚ ਸ਼ਿਰਕਤ ਕਰਨ ਆਏ ਸੂਝਵਾਨ ਪੰਜਾਬੀਆਂ ਨੂੰ ਇਸ ਸੋਝੀ ਨੂੰ ਹੋਰ ਵਧੇਰੇ ਪ੍ਰਚੰਡ ਕਰਨਾ ਚਾਹੀਦਾ ਹੈ ਤਾਂ ਜੋ ਪੰਜਾਬੀਅਤ ਦਾ ਸੰਕਲਪ ਸਮੂਹ ਪੰਜਾਬੀਆਂ ਦੀ ਸਾਂਝੀ ਵਿਰਾਸਤ ਦਾ ਹਕੀਕੀ ਰੁਤਬਾ ਹਾਸਿਲ ਕਰ ਸਕੇ।

ਪੰਜਾਬੀ ਬੰਦੇ ਦੀ ਪਛਾਣ ਸਥਾਪਿਤ ਕਰਨ ਵਾਲੇ ਬੁਨਿਆਦੀ ਤੱਤਾਂ ਵਿੱਚ ਪੰਜਾਬੀ ਭਾਸ਼ਾ ਨੂੰ ਕੇਂਦਰੀ ਮਹੱਤਵ ਪ੍ਰਾਪਤ ਹੈ। ਇੱਥੇ ਭਾਸ਼ਾ ਨੂੰ ਅਸੀਂ ਅਰਥਾਂ ਦੀ ਉਸਾਰੀ ਕਰਨ ਵਾਲੇ ਉਸ ਬਹੁ-ਮੁਖੀ ਚਿਹਨ-ਪ੍ਰਬੰਧ ਦੇ ਰੂਪ ਵਿੱਚ ਲੈ ਰਹੇ ਹਾਂ ਜਿਸਦੇ ਮਾਧਿਅਮ ਰਾਹੀਂ ਕੋਈ ਮਨੁੱਖੀ ਭਾਈਚਾਰਾ ਦਿਸਦੇ ਸੰਸਾਰ ਨਾਲ ਪ੍ਰਤੱਖਣ ਅਤੇ ਪ੍ਰਗਟਾਵੇ ਦਾ ਰਿਸ਼ਤਾ ਜੋੜਦਾ ਹੈ ਆਪਣੇ ਹੋਂਦ-ਮੁਖੀ ਸਰੋਕਾਰਾਂ, ਸੁਪਨਿਆਂ ਅਤੇ ਉਮੰਗਾਂ ਨੂੰ ਜ਼ੁਬਾਨ ਦਿੰਦਾ ਹੈ। ਅਸਲ ਵਿੱਚ ਇਹ ਭਾਸ਼ਾ ਹੀ ਹੈ ਜੋ ਅਰਥਾਂ ਦੀ ਸਿਰਜਣਾ ਰਾਹੀਂ ਗਿਆਨ ਦੇ ਵਿਭਿੰਨ ਪ੍ਰਕਾਰ ਦੇ ਸੰਗਠਨ ਉਸਾਰਦੀ ਹੈ। ਭਾਸ਼ਾ ਦੇ ਸੰਗਠਨ ਵਿੱਚ ਢਲਣ ਤੋਂ ਪਹਿਲਾਂ ਗਿਆਨ ਦਾ ਕੋਈ ਰੂਪ ਜਾਂ ਆਕਾਰ ਨਹੀਂ ਹੁੰਦਾ। ਇਸਨੂੰ ਭਾਸ਼ਾ ਰਾਹੀਂ ਹੀ ਸਿਰਜਿਆ ਤੇ ਸੰਚਾਰਿਆ ਜਾ ਸਕਦਾ ਹੈ। ਪਰ ਭਾਸ਼ਾ ਕੋਈ ਕੁਦਰਤੀ ਦਾਤ ਨਹੀਂ। ਇਸ ਨੂੰ ਬੱਚਾ ਆਪਣੀ ਮਾਤਾ ਦੇ ਗਰਭ ਵਿੱਚੋਂ ਸਿੱਖ ਕੇ ਨਹੀਂ ਆਉਂਦਾ ਸਗੋਂ ਘਰ, ਪਰਿਵਾਰ ਅਤੇ ਸਮਾਜ ਦੇ ਸਾਂਝ ਭਰੇ ਮਾਹੌਲ ਵਿੱਚ ਸਿਖਦਾ ਹੈ। ਇਹੀ ਸਿਖਲਾਈ ਮਨੁੱਖੀ ਭਾਈਚਾਰਿਆਂ ਨੂੰ ਆਪਣੇ ਆਲੇ ਦੁਆਲੇ ਦੇ ਜੀਵਨ ਅਤੇ ਯਥਾਰਥ ਨੂੰ ਸਮਝਣ ਦੇ ਸਮਰੱਥ ਬਣਾਉਂਦੀ ਹੈ ਅਤੇ ਉਨ੍ਹਾਂ ਦੀ ਨਵੇਕਲੀ ਜੀਵਨ-ਵਿਧੀ ਅਤੇ ਜੀਵਨ-ਸ਼ੈਲੀ ਦਾ ਨਿਰਮਾਨ ਕਰਦੀ ਹੈ। ਸੰਸਾਰ ਦੀ ਕੋਈ ਵੀ ਭਾਸ਼ਾ ਮਾੜੀ ਨਹੀਂ ਪਰ ਜਿਹੜੀ ਭਾਸ਼ਾ ਸਾਨੂੰ ਗੁੜ੍ਹਤੀ ਵਿੱਚ ਮਿਲਦੀ ਹੈ ਉਸਦਾ ਕੋਈ ਬਦਲ ਨਹੀਂ। ਸਹਿਜ ਨਾਲ ਸਿੱਖੀ ਹੋਈ ਇਹ ਮਾਤ-ਭਾਸ਼ਾ ਹੀ ਸਾਡੀ ਮੌਲਿਕ ਸਮਝ ਅਤੇ ਸੂਝ ਨੂੰ ਵਿਕਸਿਤ ਕਰਦੀ ਹੈ ਅਤੇ ਇਹੀ ਸਾਨੂੰ ਹੋਰ ਭਾਸ਼ਾਵਾਂ ਸਿੱਖਣ ਦੇ ਵਧੇਰੇ ਸਮਰੱਥ ਬਣਾਉਂਦੀ ਹੈ। ਸਿੱਟਾ ਇਹ ਨਿਕਲਦਾ ਹੈ ਕਿ ਭਾਰਤ ਦੇ ਬਹੁ-ਭਾਸ਼ਾਈ ਮਾਹੌਲ ਵਿੱਚ ਵਿਚਰਦਿਆਂ ਸਾਨੂੰ ਦੂਸਰੀਆਂ ਭਾਸ਼ਾਵਾਂ ਸਿੱਖਣ ਤੋਂ ਗ਼ੁਰੇਜ਼ ਨਹੀਂ ਕਰਨਾ ਚਾਹੀਦਾ ਪਰ ਆਪਣੇ ਵਿਰਸੇ ਨਾਲ ਜੋੜਨ ਵਾਲੀ ਮਾਤ-ਭਾਸ਼ਾ ਨੂੰ ਤਲਾਂਜਲੀ ਦੇਣਾ ਆਪਣੀ ਸਭਿਆਚਰਕ ਪਛਾਣ ਤੋਂ ਮੁਨਕਰ ਹੋਣ ਵਾਲੀ ਗੱਲ ਹੈ। ਪੰਜਾਬੀਅਤ ਦੇ ਸੰਕਲਪ ਨੂੰ ਖੋਰਾ ਲੱਗਣ ਤੋਂ ਬਚਾਉਣ ਲਈ ਇਸ ਚੇਤਨਾ ਨੂੰ ਧਿਆਨ ਦੇ ਕੇਂਦਰ ਵਿੱਚ ਰੱਖਣ ਦੀ ਜ਼ਰੂਰਤ ਹੈ।

ਪੰਜਾਬੀ ਭਾਰਤ ਦੀਆਂ ਪ੍ਰਮੁੱਖ ਆਧੁਨਿਕ ਭਾਸ਼ਾਵਾਂ ਵਿੱਚੋਂ ਹੈ। ਮੂਲ ਰੂਪ ਵਿੱਚ ਇਹ ਭਾਰਤ-ਆਰੀਆਈ (Indo-Aryan) ਭਾਸ਼ਾ ਹੈ ਜਿਸਦਾ ਸੰਬੰਧ ਸੰਸਾਰ ਦੇ ਵਡੇਰੇ ਭਾਰਤ-ਯੂਰੋਪੀ ਭਾਸ਼ਾ-ਪਰਿਵਾਰ ਨਾਲ ਹੈ। ਸੁਤੰਤਰ ਭਾਰਤ ਵਿੱਚ ਇਸਨੂੰ ਭਾਰਤੀ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿੱਚ 22 ਮਾਨਤਾ ਪ੍ਰਾਪਤ ਪ੍ਰਾਦੇਸ਼ਕ ਭਾਸ਼ਾਵਾਂ ਵਿੱਚ ਸ਼ਾਮਿਲ ਕੀਤਾ ਗਿਆ ਹੈ। ਪੰਜਾਬੀ ਇਹ ਭਾਰਤੀ ਪੰਜਾਬ ਦੀ ਸਰਕਾਰੀ ਭਾਸ਼ਾ ਹੈ ਅਤੇ ਪੰਜਾਬ ਦੇ ਨੇੜਲੇ ਸੂਬਿਆਂ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ, ਚੰਡੀਗੜ੍ਹ ਆਦਿ ਵਿੱਚ ਵੀ ਬੋਲੀ ਜਾਂਦੀ ਹੈ। ਇਸਤੋਂ ਇਲਾਵਾ ਪੰਜਾਬੀ ਬੋਲਣ ਵਾਲੇ ਭਾਰਤ ਦੇ ਹੋਰਨਾਂ ਸੂਬਿਆਂ ਵਿੱਚ ਵੀ ਵਸਦੇ ਹਨ।

- ਅਰਵਿੰਦਰ ਕੌਰ ਕਾਕੜਾ -
ਮੋਬਾਈਲ: 9463615536

ਭਾਸ਼ਾ ਉਹ ਸ਼ਕਤੀਸ਼ਾਲੀ ਮਾਧਿਅਮ ਹੈ ਜੋ ਕਿਸੇ ਕੌਮੀਅਤ ਦੇ ਲੋਕਾਂ ਦੇ ਹਾਵਾਂ-ਭਾਵਾਂ ਤੇ ਵਿਚਾਰਾਂ ਦਾ ਆਪਸੀ ਆਦਾਨ-ਪ੍ਰਦਾਨ ਕਰਦੀ ਹੈ। ਭਾਸ਼ਾ ਲੋਕ ਜੀਵਨ ਦਾ ਮਾਧਿਅਮ ਹੈ। ਇਹ ਮਨੁੱਖ ਦਾ ਸਮਾਜਿਕ ਵਿਰਸਾ ਹੈ। ਇਸ ਨੂੰ ਉਹ ਆਪਣੇ ਸਮਾਜਿਕ ਵਾਤਾਵਰਣ ਵਿੱਚੋਂ ਸਿੱਖਦਾ ਹੈ। ਭਾਸ਼ਾ ਸਦਕਾ ਹੀ ਅਸੀਂ ਮਨੁੱਖ ਹਾਂ। ਇਕ ਤੋਂ ਦੂਜੇ ਮਨੁੱਖ ਨੂੰ ਸਮਝਣ ਲਈ ਭਾਸ਼ਾ ਦੀ ਜ਼ਰੂਰਤ ਹੈ। ਅਸੀਂ ਭਾਸ਼ਾ ਰਾਹੀਂ ਸਮਾਜ ਦੇ ਵਰਤਾਰੇ ਨੂੰ ਚੰਗੀ ਤਰ੍ਹਾਂ ਪਕੜ ਸਕਦੇ ਹਾਂ। ਹਰ ਭਾਸ਼ਾ ਦੀ ਧੁਨੀ ਉਸ ਦੀ ਸੰਸਕ੍ਰਿਤੀ, ਸਮਾਜ ਅਤੇ ਇਤਿਹਾਸ ਮੁਤਾਬਕ ਘੜੀ ਜਾਂਦੀ ਹੈ। ਭਾਸ਼ਾ ਹੀ ਅਜਿਹਾ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਮਨ ਦੀਆਂ ਭਾਵਨਾਵਾਂ ਸਾਹਿਤ ਦੇ ਰੂਪ ਵਿਚ ਪ੍ਰਗਟ ਕਰਦਾ ਹੈ।

ਪੰਜਾਬੀ ਭਾਸ਼ਾ ਸਾਡੀ ਪੰਜਾਬੀਆਂ ਦੀ ਪਛਾਣ ਹੈ। ਪੰਜਾਬੀਆਂ ਦੀ ਹੋਂਦ ਪੰਜਾਬੀ ਭਾਸ਼ਾ ਕਰਕੇ ਹੀ ਹੈ। ਸਾਡੀ ਇਕ-ਦੂਜੇ ਤੋਂ ਵੱਖਰੀ ਹੋਂਦ ਭਾਸ਼ਾ ਅਤੇ ਸਭਿਆਚਾਰ ਕਰਕੇ ਹੈ। ਪੰਜਾਬੀ ਭਾਸ਼ਾ ਪੰਜਾਬੀਆਂ ਦੀ ਮਾਂ-ਬੋਲੀ ਹੈ ਜਿਸ ਨੂੰ ਅਸੀਂ ਮਾਂ ਦੀ ਨਿੱਘੀ ਗੋਦ ਵਿਚ ਬਹਿ ਕੇ ਸਿੱਖਦੇ ਹਾਂ, ਜਿਸ ਦਾ ਨਾਤਾ ਜਨਮ ਤੋਂ ਮਰਨ ਤਕ ਹੁੰਦਾ ਹੈ। ਕਈ ਪੜਾਵਾਂ ਵਿੱਚੋਂ ਲੰਘੀ ਪੰਜਾਬੀ ਭਾਸ਼ਾ ਨੇ ਨਵਾਂ ਜਾਮਾ ਧਾਰਨ ਕੀਤਾ। ਇਸ ਵਿਚ ਨਾਥ ਜੋਗੀਆਂ ਨੇ ਆਪਣੀ ਬਾਣੀ ਲਿਖੀ। ਬਾਬਾ ਫ਼ਰੀਦ ਨੇ ਮਿਸਰੀ ਵਰਗੇ ਸਲੋਕ ਲਿੱਖ ਕੇ ਇਸ ਭਾਸ਼ਾ ਵਿਚ ਮਿਠਾਸ ਭਰ ਦਿੱਤੀ। ਗੁਰੂ ਕਾਲ 'ਚ ਇਹ ਭਾਸ਼ਾ ਸੰਵਾਰੀ ਅਤੇ ਸਜਾਈ ਗਈ। ਸਫੀਆਂ ਤੇ ਕਿੱਸੇਕਾਰਾਂ ਨੇ ਇਸ ਦੇ ਸਿਰ ਦੀ ਫੁਲਕਾਰੀ ਗੁੰਦੀ ਤੇ ਇਸ ਦੀ ਮਹਿਮਾ ਦੂਰ-ਦੂਰ ਤਕ ਫੈਲ ਗਈ। ਪੰਜਾਬ ਵਿਚ ਸਮੇਂ-ਸਮੇਂ ਬਹੁਤ ਸਾਰੇ ਹਮਲਾਵਰ ਆਏ ਜਿਵੇਂ ਬਾਬਰ, ਨਾਦਰ ਸ਼ਾਹ ਤੇ ਅਬਦਾਲੀ ਆਦਿ। ਫੇਰ ਵੀ ਪੰਜਾਬੀ ਭਾਸ਼ਾ ਦਾ ਵਿਕਾਸ ਤੇ ਨਿਕਾਸ ਹੁੰਦਾ ਰਿਹਾ। ਪੰਜਾਬੀ ਭਾਸ਼ਾ ਨੂੰ ਜ਼ਿਆਦਾ ਠੇਸ ਉਸ ਸਮੇਂ ਲੱਗੀ ਜਦੋਂ ਭਾਰਤ ਅੰਗਰੇਜ਼ਾਂ ਦੀ ਬਸਤੀ ਬਣਿਆ। ਜਦੋਂ ਹੀ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਅਧੀਨ ਕੀਤਾ। ਆਪਣੀ ਨੀਤੀਆਂ ਨੂੰ ਲੋਕਾਂ ਤਕ ਪਹੁੰਚਾਉਣ ਲਈ ਆਪਣੀ ਭਾਸ਼ਾ ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਸਾਡੇ ਵਿਚ ਅਧੀਨਗੀ ਤੇ ਗੁਲਾਮ ਮਾਨਸਿਕਤਾ ਦਾ ਸੰਕਲਪ ਪੈਦਾ ਕਰ ਦਿੱਤਾ, ਜਿਸ ਨਾਲ ਪੰਜਾਬੀਆਂ ਨੇ ਉਨ੍ਹਾਂ ਦੀ ਅੰਗਰੇਜ਼ੀ ਭਾਸ਼ਾ ਦੀ ਪ੍ਰਮੁੱਖਤਾ ਸਵੀਕਾਰੀ। ਦੇਸ਼ ਦੀ ਆਜ਼ਾਦੀ ਲਈ ਚੱਲਦੀਆਂ ਲਹਿਰਾਂ ਨੇ ਪੰਜਾਬੀ ਦੇ ਹੱਕ ਵਿਚ ਕਾਫੀ ਆਵਾਜ਼ ਉਠਾਈ। 1947 ਨੂੰ ਜਦੋਂ ਸਾਡੇ ਦੇਸ਼ ਨੂੰ ਰਸਮੀ ਆਜ਼ਾਦੀ ਮਿਲੀ, ਸਾਡੀ ਗੁਲਾਮ ਮਾਨਸਿਕਤਾ ਨੇ ਪੰਜਾਬੀ ਭਾਸ਼ਾ ਨੂੰ ਅਣਗੌਲਿਆਂ ਕਰ ਦਿੱਤਾ। ਇਸੇ ਗੱਲ ਨੂੰ ਲੈ ਕੇ ਆਪਣੇ ਹਾਵ-ਭਾਵ ਪ੍ਰਗਟ ਕਰਦਾ ਇਕ ਸ਼ਾਇਰ ਕਹਿੰਦਾ ਹੈ:-

ਇਕੋ ਗੱਲ ਮਾੜੀ ਇਹਦੇ ਛੈਲ ਬਾਂਕੇ, ਬੋਲੀ ਆਪਣੀ ਮਨੋ ਭੁਲਾਈ ਜਾਂਦੇ।

ਪਿੱਛੇ ਸਿੱਪੀਆਂ ਦੇ ਖਾਂਦੇ ਫਿਰਨ ਗੋਤੇ, ਪੰਜ-ਆਬ ਦੇ ਮੋਤੀ ਰੁਲਾਈ ਜਾਂਦੇ।

1947 ਤੋਂ ਲੈ ਕੇ ਹੁਣ ਤਕ ਦੀ ਗੱਲ ਕਰੀਏ ਤਾਂ ਪੰਜਾਬੀ ਭਾਸ਼ਾ ਇਕ ਗੰਭੀਰ ਸੰਕਟ ਵਿੱਚੋਂ ਲੰਘ ਰਹੀ ਹੈ। 1990 ਵਿਚ ਯੂਰਪੀਅਨ ਚਾਰਟਰ ਫਾਰ ਰਿਜਨਲ ਔਰ ਮਾਈਨੌਰਟੀ ਲੈਂਗੁਏਜਿਜ਼ ਅਤੇ 1996 ਵਿਚ ਬਾਰਸੀਲੋਨਾ ਡੈਕਲਰੇਸ਼ਨ ਆਫ਼ ਲਿੰਗੁਇਸਟਿਕ ਹਾਈਟਸ ਨੇ ਭਾਸ਼ਾਵਾਂ ਦੀ ਮੌਤ ਗੱਲ ਸ਼ੁਰੂ ਕਰ ਦਿੱਤੀ। ਯੂਨੈਸਕੋ ਨੇ ਵੀ ਆਪਣੀ ਰਿਪੋਰਟ ਜਾਰੀ ਕੀਤੀ ਜਿਸ ਵਿਚ ਪੰਜਾਹ ਵਰ੍ਹਿਆਂ ਵਿਚ ਦੁਨੀਆਂ ਦੀਆਂ ਅੱਧੀਆਂ ਭਾਸ਼ਾਵਾਂ ਮਰ ਜਾਣ ਦੀ ਭਵਿੱਖਬਾਣੀ ਕੀਤੀ ਹੈ। ਇਸ ਕਰਕੇ ਪੰਜਾਬੀ ਵਿਦਵਾਨਾਂ ਵਿਚ ਹਲਚਲ ਪੈਦਾ ਹੋਈ ਤੇ ਦੋ ਤਰ੍ਹਾਂ ਦੇ ਵਿਚਾਰ ਸਾਹਮਣੇ ਆਏ। ਇਕ ਪਾਸੇ ਉਹ ਵਿਦਵਾਨ ਹਨ, ਜੋ ਆਖਦੇ ਹਨ- ਇਹੋ ਜਿਹੇ ਵਿਸ਼ਵ ਵਰਤਾਰੇ ਤੋਂ ਸਾਡੀ ਪੰਜਾਬੀ ਭਾਸ਼ਾ ਨੂੰ ਕੋਈ ਖ਼ਤਰਾ ਨਹੀਂ। ਉਹ ਇਸ ਗੱਲ ਦਾ ਹਵਾਲਾ ਦਿੰਦੇ ਹਨ ਕਿ 150 ਮੁਲਕਾਂ ਵਿਚ ਪੰਜਾਬੀ ਲੋਕ ਫੈਲ ਗਏ ਹਨ ਜਿਸ ਕਰਕੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵੀ ਦੁਨੀਆਂ ਵਿਚ ਲਗਾਤਾਰ ਵਧਦੀ ਜਾ ਰਹੀ ਹੈ। ਉਹ ਮੰਨਦੇ ਹਨ ਕਿ ਦੁਨੀਆਂ ਭਰ ਦੀਆਂ ਭਾਸ਼ਾਵਾਂ ਵਿਚ ਪੰਜਾਬੀ ਦਾ ਸਥਾਨ 12ਵਾਂ ਬਣਦਾ ਹੈ। ਇਸ ਦਾ ਖਿੱਤਾ ਬਹੁਤ ਵਿਸ਼ਾਲ ਹੈ। ਉਹ 1948 ਦੀ ਭਾਸ਼ਾ ਕਮਿਸ਼ਨ ਦੀ ਰਿਪੋਰਟ ਦਾ ਜ਼ਿਕਰ ਕਰਦੇ ਹਨ ਕਿ ਪੰਜਾਬੀ ਨੂੰ ਭਾਰਤ ਦੀਆਂ 14 ਪ੍ਰਮੁੱਖ ਭਾਸ਼ਾਵਾਂ ਵਿੱਚੋਂ ਇਕ ਵੱਡੀ ਭਾਸ਼ਾ ਮੰਨਿਆ ਗਿਆ ਹੈ। ਇਹ ਵਿਦਵਾਨ ਪੰਜਾਬੀ ਦੇ ਗੌਰਵਮਈ ਇਤਿਹਾਸ ਦੀ ਗੱਲ ਤੋਰ ਕੇ ਆਪਣੇ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਇਹ ਉਹ ਭਾਸ਼ਾ ਹੈ ਜਿਸ ਵਿਚ ਨਾਥ ਜੋਗੀਆਂ ਨੇ ਰਚਨਾ ਕੀਤੀ, ਬਾਬਾ ਫ਼ਰੀਦ ਅਤੇ ਗੁਰੂ ਸਾਹਿਬਾਨ ਨੇ ਬਾਣੀ ਰਚੀ। ਇਸ ਵਿਚ ਸੂਫ਼ੀਆਂ, ਕਿੱਸਾਕਾਰਾਂ ਦੀਆਂ ਰਚਨਾਵਾਂ ਲਿਖੀਆਂ ਗਈਆਂ ਹਨ ਜਿਸ ਵਿਚ ਭਾਈ ਵੀਰ ਸਿੰਘ, ਪ੍ਰੋ. ਮੋਹਨ ਸਿੰਘ, ਪ੍ਰੋ. ਗੁਰਬਖਸ਼ ਸਿੰਘ, ਐਸ.ਐਸ. ਰੰਧਾਵਾ, ਨਾਨਕ ਸਿੰਘ, ਸੰਤ ਸਿੰਘ ਸੇਖੋਂ, ਸ਼ਿਵ ਕੁਮਾਰ, ਅੰਮ੍ਰਿਤਾ ਵਰਗੇ ਬਹੁਤ ਸਾਰੇ ਲੇਖਕਾਂ ਤੇ ਕਵੀਆਂ ਨੇ ਆਪਣੀ ਕਲਮ ਜਮਾਈ ਤੇ ਇਹ ਕੋਸ਼ਿਸ਼ ਲਗਾਤਾਰ ਹੋ ਰਹੀ ਹੈ। ਇਥੋਂ ਇਸ ਗੱਲ ਦਾ ਸਬੂਤ ਮਿਲਦਾ ਹੈ ਕਿ ਪੰਜਾਬੀ ਭਾਸ਼ਾ ਨੂੰ ਕੋਈ ਖਤਰਾ ਨਹੀਂ। ਵਿਸ਼ਵੀਕਰਨ ਦੇ ਦੌਰ ਵਿਚ ਉਹ ਪੰਜਾਬੀ ਮੀਡੀਆ ਦੇ ਵਿਸਥਾਰ ਦੀ ਗੱਲ ਵੀ ਆਖਦੇ ਹਨ। ਇਸ ਦਾ ਘੇਰਾ ਬਹੁਤ ਵਿਸ਼ਾਲ ਹੈ। ਟੀ.ਵੀ. ਸੈਟੇਲਾਈਟ ਚੈਨਲਾਂ, ਕੰਪਿਊਟਰ ਇੰਟਰਨੈੱਟ ਦੇ ਸਹਾਰੇ ਪੰਜਾਬੀ ਭਾਸ਼ਾ ਦਾ ਫੈਲਾਅ ਦੁਨੀਆਂ ਵਿਚ ਹੋ ਰਿਹਾ ਹੈ।

ਦੂਜੇ ਵਿਚਾਰ ਵਾਲੇ ਵਿਦਵਾਨ ਇਸ ਗੱਲੋਂ ਚਿੰਤਤ ਹਨ ਕਿ ਅੱਜ ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਭਾਸ਼ਾ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਉਹ ਪਹਿਲੇ ਵਿਦਵਾਨਾਂ ਦੁਆਰਾ ਦਿੱਤੀ ਗਈ ਦਲੀਲ ਨੂੰ ਨਕਾਰਦੇ ਹਨ ਤੇ ਵਿਸ਼ਵੀਕਰਨ ਨੂੰ ਇਕਪਾਸੜ ਹੋਣ ਦਾ ਨਾਂ ਦਿੰਦੇ ਹਨ। ਪੂੰਜੀਵਾਦੀ ਵਿਕਸਿਤ ਦੇਸ਼, ਜਿਨ੍ਹਾਂ ਨੂੰ ਸਾਮਰਾਜਵਾਦੀ ਦੇਸ਼ ਵੀ ਕਿਹਾ ਜਾਂਦਾ ਹੈ, ਉਹ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਮੰਡੀ ਦੀ ਤਲਾਸ਼ ਕਰਦੇ ਹੋਏ ਤੀਜੇ ਸੰਸਾਰ ਦੇ ਦੇਸ਼ਾਂ ਨੂੰ ਬਸਤੀਆਂ ਬਣਾ ਰਹੇ ਹਨ। ਉਨ੍ਹਾਂ ਦੇ ਸਰਮਾਏ ਨੂੰ ਆਉਣ-ਜਾਣ ਤੋਂ ਬੇਰੋਕ ਖੁੱਲ੍ਹ ਹੈ, ਪਰ ਦੂਜੇ ਪਾਸੇ ਗਰੀਬ ਮੁਲਕਾਂ ਦੀ ਕਿਰਤ ਸ਼ਕਤੀ ਨੂੰ ਉਨ੍ਹਾਂ ਦੇ ਦੇਸ਼ਾਂ ਵਿਚ ਜਾਣ ਲਈ ਕਈ ਤਰ੍ਹਾਂ ਦੀਆਂ ਰੋਕਾਂ ਹਨ। ਇਥੋਂ ਇਹ ਸਾਬਤ ਹੁੰਦਾ ਹੈ ਕਿ ਸਾਮਰਾਜਵਾਦੀ ਦੇਸ਼ ਆਪਣੇ ਨਿੱਜ ਦੀ ਖਾਤਰ ਸੋਚਦੇ ਹੋਏ ਤੀਜੀ ਦੁਨੀਆਂ ਦੇ ਮੁਲਕਾਂ ਦਾ ਚੰਗੀ ਤਰ੍ਹਾਂ ਸ਼ੋਸ਼ਣ ਕਰ ਰਹੇ ਹਨ। ਇਹ ਵਿਸ਼ਵੀਕਰਨ ਇਕਪਾਸੜ ਵਿਸ਼ਵੀਕਰਨ ਹੈ। ਦੂਜੇ ਪਾਸੇ ਅਸੀਂ ਦੇਖਦੇ ਹਾਂ ਕਿ ਜਿਹੜੇ ਵੀ ਪੰਜਾਬੀ ਵਿਕਸਤ ਦੇਸ਼ਾਂ ਵਿਚ ਪਰਵਾਸ ਕਰਦੇ ਹਨ, ਉਹ ਉਨ੍ਹਾਂ ਦੇਸ਼ਾਂ ਵਿਚਲੀਆਂ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਨਾਲ ਜੂਝ ਰਹੇ ਹਨ।

ਪਹਿਲੀ ਪੀੜ੍ਹੀ ਤਾਂ ਕੁਝ ਆਪਣੀ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦਾ ਖਿਆਲ ਰੱਖਦੀ ਹੈ, ਪਰ ਦੂਜੀ ਪੀੜ੍ਹੀ ਤੇ ਤੀਜੀ ਪੀੜ੍ਹੀ ਉਥੋਂ ਦੀ ਮੁੱਖਧਾਰਾ ਨੂੰ ਪ੍ਰਵਾਨ ਕਰਦੀ ਹੋਈ ਉਥੋਂ ਦੀ ਭਾਸ਼ਾ ਅਤੇ ਸਭਿਆਚਾਰ ਵਿਚ ਭਿੱਜ ਜਾਂਦੀ ਹੈ। ਫੇਰ ਕਿਵੇਂ ਅਸੀਂ ਉਮੀਦ ਰੱਖ ਸਕਦੇ ਹਾਂ ਕਿ ਜੋ ਪੰਜਾਬੀ ਬਾਹਰਲੇ ਦੇਸ਼ਾਂ ਵਿਚ ਰਹਿੰਦੇ ਹਨ, ਉਹ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦਾ ਵਿਕਾਸ ਕਰ ਰਹੇ ਹਨ। ਅਸੀਂ ਆਪਣੇ ਪੰਜਾਬ ਦੀ ਗੱਲ ਕਰੀਏ, ਇਥੇ ਆਏ ਬਿਹਾਰੀ ਲੋਕ ਜੋ ਪੱਕੇ ਤੌਰ 'ਤੇ ਪੰਜਾਬ ਦੇ ਵਸਨੀਕ ਬਣ ਗਏ ਹਨ। ਉਨ੍ਹਾਂ ਦੇ ਇਥੇ ਪੈਦਾ ਹੋਏ ਬੱਚੇ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਭਾਸ਼ਾ ਨੂੰ ਪ੍ਰਵਾਨ ਕਰ ਚੁੱਕੇ ਹਨ। ਇਹੀ ਹਾਲ ਸਾਡੇ ਪੰਜਾਬੀਆਂ ਦਾ ਹੈ ਜੋ ਵਿਦੇਸ਼ਾਂ ਵਿਚ ਰਹਿੰਦੇ ਹਨ। ਵੱਧ ਵਿਕਸਤ ਖੇਤਰ ਦਾ ਸਭਿਆਚਾਰ ਘੱਟ ਵਿਕਸਤ ਖੇਤਰ ਦੇ ਸਭਿਆਚਾਰ ਨੂੰ ਆਪਣੇ ਵਿਚ ਜਜ਼ਬ ਕਰ ਲੈਂਦਾ ਹੈ। ਦੂਜੀ ਗੱਲ ਇਹ ਹੈ ਕਿ ਪੂੰਜੀਵਾਦੀ ਵਿਕਸਿਤ ਦੇਸ਼ ਆਪਣੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਮੰਡੀ ਸਭਿਆਚਾਰ ਦਾ ਸਹਾਰਾ ਲੈਂਦੇ ਹਨ। ਇਹ ਨਵਬਸਤੀਵਾਦ ਦੇ ਜ਼ਰੀਏ ਖ਼ਪਤਕਾਰੀ ਸਭਿਆਚਾਰ ਲੋਕਾਂ ਉਪਰ ਥੋਪ ਰਹੇ ਹਨ। ਇਸ ਖਪਤਕਾਰੀ ਸਭਿਆਚਾਰ ਦੇ ਫੈਲਾਅ ਵਿਚ ਭਾਸ਼ਾ ਵੀ ਅਸਰਅੰਦਾਜ਼ ਨਹੀਂ ਹੁੰਦੀ। ਜੋ ਭਾਸ਼ਾਵਾਂ ਮੰਡੀ ਦੇ ਸਭਿਆਚਾਰ ਦਾ ਪ੍ਰਚਾਰ ਕਰਦੀਆਂ ਹਨ, ਉਹ ਹੌਲੀ-ਹੌਲੀ ਆਪਣੀ ਰੂਹ ਗਵਾ ਕੇ ਅਲੋਪਤਾ ਦੀ ਪਗਡੰਡੀ ਫੜ ਲੈਂਦੀਆਂ ਹਨ। ਬਾਕੀ ਬਚੀਆਂ ਭਾਸ਼ਾਵਾਂ ਨੂੰ ਸਾਮਰਾਜਵਾਦ ਖ਼ੁਦ ਖਤਮ ਕਰ ਦਿੰਦਾ ਹੈ। ਇਹ ਕਿਹਾ ਜਾਂਦਾ ਹੈ ਕਿ ਭਾਸ਼ਾ ਦਾ ਵੀ ਵਿਸ਼ਵੀਕਰਨ ਹੋਵੇ। ਇਕੋ ਲਿੱਪੀ ਬਣਾ ਕੇ ਸਾਰੀਆਂ ਭਾਸ਼ਾਵਾਂ ਲਿਖੀਆਂ ਜਾਣ। ਸਾਡੇ ਦੇਸ਼ ਜਿਸ ਪੂੰਜੀਵਾਦੀ ਦੇਸ਼ ਦੀ ਬਸਤੀ ਰਹੇ ਹਨ ਉਥੇ ਉਸ ਦੇਸ਼ ਦੀ ਭਾਸ਼ਾ ਗੁਲਾਮ ਮੁਲਕ ਉਪਰ ਥੋਪੀ ਗਈ ਹੈ ਜਿਵੇਂ ਦੱਖਣੀ ਅਮਰੀਕਾ ਤੇ ਅਫ਼ਰੀਕਾ ਇਹ ਫਰਾਂਸੀਸੀ ਸਾਮਰਾਜ ਦੀ ਬਸਤੀ ਸਨ। ਇਥੇ ਫਰਾਂਸੀਸੀ ਭਾਸ਼ਾ (ਫਰੈਂਚ) ਭਾਸ਼ਾ ਦਾ ਬੋਲਬਾਲਾ ਹੈ। ਸਾਡਾ ਦੇਸ਼ ਬ੍ਰਿਟਿਸ਼ ਰਾਜ ਦੀ ਬਸਤੀ ਰਿਹਾ ਹੈ। ਇਸ ਕਰਕੇ ਸਾਡੀ ਗੁਲਾਮ-ਮਾਨਸਿਕਤਾ ਵਿਚ ਅੰਗਰੇਜ਼ੀ ਦਾ ਅਸਰ ਬੋਲਦਾ ਹੈ। ਅੱਜ ਇਥੇ ਮੰਡੀ ਦੀ ਭਾਸ਼ਾ ਅੰਗਰੇਜ਼ੀ ਹੈ ਤਾਂ ਹੀ ਪੰਜਾਬੀ ਭਾਸ਼ਾ ਨੂੰ ਰੋਮਨ ਲਿੱਪੀ ਵਿਚ ਲਿਖਣ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ ਕਿ ਪੰਜਾਬੀ ਭਾਸ਼ਾ ਦਾ ਵਿਕਾਸ ਇਸ ਤਰ੍ਹਾਂ ਦੁਨੀਆਂ ਭਰ ਵਿਚ ਹੋਵੇਗਾ। ਪਰ ਇਹ ਸਵਾਲ ਅਹਿਮ ਹੈ ਕਿ ਜੇ ਭਾਸ਼ਾ ਦੀ ਆਪਣੀ ਲਿੱਪੀ ਹੀ ਨਾ ਰਹੀ ਤਾਂ ਉਹ ਆਪਣਾ ਵਿਕਾਸ ਕਿਵੇਂ ਕਰ ਪਾਵੇਗੀ। ਜਦੋਂ ਉਹ ਆਪਣਾ ਪਹਿਰਾਵਾ ਛੱਡ ਕੇ ਕਿਸੇ ਹੋਰ ਦਾ ਪਹਿਰਾਵਾ ਪਹਿਨੇਗੀ ਤਾਂ ਭਾਸ਼ਾ ਦੀ ਹੋਂਦ ਕੀ ਰਹਿ ਜਾਵੇਗੀ। ਦੁਨੀਆਂ ਦੀਆਂ 3000 ਤੋਂ ਵੱਧ ਖੇਤਰੀ ਭਾਸ਼ਾਵਾਂ ਇਸੇ ਕਰਕੇ ਖ਼ਤਮ ਹੋ ਗਈਆਂ ਹਨ।

ਇਹ ਦਲੀਲ ਵੀ ਅਧੂਰੀ ਹੈ ਕਿ ਮੀਡੀਆ ਦੇ ਸਹਾਰੇ ਪੰਜਾਬੀ ਭਾਸ਼ਾ ਕੋਨੇ-ਕੋਨੇ ਵਿਚ ਪਹੁੰਚ ਗਈ ਹੈ। ਇਹ ਗੱਲ ਤਾਂ ਅਸੀਂ ਭਲੀਭਾਂਤ ਜਾਣਦੇ ਹਾਂ ਕਿ ਖਪਤਕਾਰੀ ਸਭਿਆਚਾਰ ਨੇ ਪੰਜਾਬੀ ਸਭਿਆਚਾਰ ਨੂੰ ਪ੍ਰਭਾਵਿਤ ਕੀਤਾ ਹੈ। ਭਾਸ਼ਾ ਸਭਿਆਚਾਰ ਦਾ ਹੀ ਅੰਗ ਹੈ, ਕੀ ਭਾਸ਼ਾ ਇਹ ਪ੍ਰਭਾਵ ਕਬੂਲਣ ਤੋਂ ਮਨਫ਼ੀ ਹੈ। ਮੁਕਾਬਲੇ ਦੇ ਯੁੱਗ ਵਿਚ ਲੋਕਾਂ ਨੂੰ ਇਹ ਕਹਿ ਕੇ ਪ੍ਰੇਰਿਆ ਜਾਂਦਾ ਹੈ ਕਿ ਅੰਗਰੇਜ਼ੀ ਮੁਕਾਬਲੇ ਦੀ ਭਾਸ਼ਾ ਹੈ। ਜ਼ਿੰਦਗੀ ਵਿਚ ਜੇਕਰ ਵਿਕਾਸ ਕਰਨਾ ਹੈ ਤਾਂ ਅੰਗਰੇਜ਼ੀ ਭਾਸ਼ਾ ਦੀ ਅਹਿਮੀਅਤ ਨੂੰ ਪਛਾਣੀਏ। ਇਹ ਪ੍ਰਭਾਵ ਪੰਜਾਬੀਆਂ ਉਪਰ ਪੂਰੀ ਤਰ੍ਹਾਂ ਛਾਇਆ ਹੋਇਆ ਹੈ। ਪੰਜਾਬੀ ਮੀਡੀਆ ਦੀ ਚਾਬੀ ਉਨ੍ਹਾਂ ਲੋਕਾਂ ਦੇ ਹੱਥ ਵਿਚ ਹੈ ਜੋ ਖੁਦ ਵਿਸ਼ਵੀਕਰਨ ਦੀ ਅਗਵਾਈ ਕਰ ਰਹੇ ਹਨ। ਇਸ ਦਾ ਪ੍ਰਵਾਨ ਸਾਡੇ ਸਾਹਮਣੇ ਹੈ। ਵਿਸ਼ਵੀਕਰਨ ਦੇ ਪ੍ਰਭਾਵ ਵਿਚ ਆਇਆ ਮੀਡੀਆ ਜਿੱਥੇ ਸਾਡੀਆਂ ਸੱਭਿਆਚਾਰਕ

ਕਦਰਾਂ-ਕੀਮਤਾਂ ਨੂੰ ਖੋਰ ਰਿਹਾ ਹੈ- ਉੱਥੇ ਆਲਸੀ ਮਾਨਸਿਕਤਾ ਪੈਦਾ ਕਰਕੇ ਦੇਸੀ ਸੱਭਿਆਚਾਰਾਂ ਨੂੰ ਖ਼ਤਮ ਕਰ ਰਿਹਾ ਹੈ। ਪੰਜਾਬੀ ਭਾਸ਼ਾ ਨੂੰ ਦੇਸੀ ਭਾਸ਼ਾ ਕਰਾਰ ਦੇ ਦੇ ਕੇ ਅੰਗਰੇਜ਼ੀ ਭਾਸ਼ਾ ਦੇ ਸਾਹਮਣੇ ਹੀਣੀ ਦਰਸਾਇਆ ਜਾ ਰਿਹਾ ਹੈ। ਇਹ ਰੌਲਾ ਪਾਇਆ ਜਾਂਦਾ ਹੈ ਕਿ ਜੇਕਰ ਜੀਵਨ ਵਿਚ ਵਿਕਾਸ ਕਰਨਾ ਹੈ ਤਾਂ ਅੰਗਰੇਜ਼ੀ ਭਾਸ਼ਾ ਸਿੱਖ ਕੇ ਹੋ ਸਕਦਾ ਹੈ। ਕਿਉਂਕਿ ਸਾਡੇ ਵਿੱਦਿਅਕ ਢਾਂਚੇ ਅਰਥਾਤ ਗਿਆਨ ਦੀਆਂ ਜੜ੍ਹਾਂ ਸਾਡੀ ਮਾਤ-ਭਾਸ਼ਾ ਅਤੇ ਸੱਭਿਆਚਾਰਕ ਜ਼ਮੀਨ ਵਿਚ ਨਾ ਹੋਣ ਕਰਕੇ ਅਸੀਂ ਆਪਣੀ ਸੋਚ ਅਤੇ ਅਨੁਭਵ ਦੀ ਮੌਲਿਕਤਾ ਅਤੇ ਤਾਜ਼ਗੀ ਗੁਆ ਬੈਠੇ ਹਾਂ।

ਖਪਤਕਾਰੀ ਸੱਭਿਆਚਾਰ ਦੇ ਪ੍ਰਭਾਵ ਹੇਠ ਆ ਕੇ ਅਸੀਂ ਪੱਛਮ ਦੀ ਨਕਲ ਕਰਨ ਦੀ ਆਦਤ ਅਤੇ ਸਨਕੀਪੁਣੇ ਨੂੰ ਹੀ ਮੌਲਿਕਤਾ ਮੰਨ ਲਿਆ ਹੈ। ਅੰਗਰੇਜ਼ੀ ਪੜ੍ਹ-ਲਿਖ ਅਤੇ ਬੋਲ ਲੈਣ, ਕੰਪਿਊਟਰ ਨੂੰ ਚਲਾ ਲੈਣ ਅਤੇ ਪੱਛਮੀ ਵਿਦਵਤਾ ਦੇ ਆਡੰਬਰੀ ਮੁਜ਼ਾਹਰੇ ਨੂੰ ਹੀ ਭੁਲੇਖੇ ਵਿਚ ਰੱਖ ਬੜੀ ਵੱਡੀ ਪ੍ਰਾਪਤੀ ਦਾ ਸੰਕੇਤ ਮਿੱਥ ਲਿਆ ਹੈ। ਅਸੀਂ ਇਸ ਗੱਲ ਨੂੰ ਭੁੱਲ ਚੁੱਕੇ ਹਾਂ ਕਿ ਜਿਹੜੀਆਂ ਕੌਮਾਂ ਆਪਣੇ ਬੱਚਿਆਂ ਨੂੰ ਮੁੱਢਲੀ ਸਿੱਖਿਆ ਆਪਣੀ ਮਾਤ-ਭਾਸ਼ਾ ਵਿਚ ਨਹੀਂ ਦਿੰਦੀਆਂ, ਉਹ ਰਾਜਸੀ ਤੌਰ 'ਤੇ ਭਾਵੇਂ ਆਜ਼ਾਦ ਹੋਣ ਪਰ ਬੌਧਿਕ ਅਤੇ ਆਤਮਿਕ ਪੱਧਰ 'ਤੇ ਅਸਲੀ ਅਰਥਾਂ ਵਿਚ ਉਹ ਕਦੇ ਵੀ ਸੁਤੰਤਰ ਨਹੀਂ ਹੋ ਸਕਦੀਆਂ। ਸਾਮਰਾਜਵਾਦ ਦੁਆਰਾ ਲੋਕਾਂ ਨੂੰ ਇਹ ਪੜ੍ਹਾਇਆ ਜਾਂਦਾ ਹੈ ਕਿ ਜੇਕਰ ਅੰਗਰੇਜ਼ੀ ਨਾ ਸਿੱਖੀ ਤਾਂ ਅਸੀਂ ਵਿੱਦਿਆ ਦੀ ਖੁੱਲ੍ਹੀ ਵਪਾਰਕ ਮੰਡੀ ਅੰਦਰ ਹੋਰਾਂ ਨਾਲੋਂ ਪਛੜ ਜਾਵਾਂਗੇ, ਜਿਸ ਦਾ ਪ੍ਰਭਾਵ ਪ੍ਰਤੱਖ ਤੌਰ 'ਤੇ ਪੰਜਾਬ ਵਿਚ ਨਜ਼ਰ ਆ ਰਿਹਾ ਹੈ। ਬੱਚਿਆਂ ਨੂੰ ਪੰਜਾਬੀ ਵਿਚ ਚੀਜ਼ ਦਾ ਨਾਂ ਪਤਾ ਨਹੀਂ ਹੁੰਦਾ ਅੰਗਰੇਜ਼ੀ ਵਿੱਚ ਜਾਣਦੇ ਹਨ। ਅੰਗਰੇਜ਼ੀ ਬੋਲਣ ਦਾ ਰਿਵਾਜ ਦਫ਼ਤਰਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਸੈਮੀਨਾਰਾਂ ਵਿਚ ਵੀ ਵਧ ਗਿਆ ਹੈ। ਇੱਥੋਂ ਸਾਡੀ ਗੁਲਾਮ ਮਾਨਸਿਕਤਾ ਬੋਲਦੀ ਹੈ, ਜਦੋਂ ਅਸੀਂ ਅੰਗਰੇਜ਼ੀ ਬੋਲਣ ਵਾਲੇ ਨੂੰ ਜ਼ਿਆਦਾ ਬੁੱਧੀਜੀਵੀ ਮੰਨਦੇ ਹਾਂ। ਆਪਣੀ ਮੂਲ ਪਛਾਣਨ ਅਤੇ ਇਸ ਦੇ ਨਾਲ ਜੁੜਨ ਦੀ ਥਾਂ ਬਾਹਰਲੀਆਂ ਪ੍ਰਸਥਿਤੀਆਂ ਦੇ ਦਬਾਓ ਹੇਠ ਆ ਕੇ ਆਪਣੀਆਂ ਜੜ੍ਹਾਂ ਖੋਰ ਰਹੇ ਹਾਂ। ਅੱਜ ਸੰਸਾਰ ਪੂੰਜੀਵਾਦ ਜਾਂ ਵਿਸ਼ਵੀਕਰਨ ਦੇ ਵਧਦੇ ਆਰਥਿਕ, ਰਾਜਨੀਤਕ, ਵਪਾਰੀ ਅਤੇ ਭਾਸ਼ਾਈ ਦਬਾਵਾਂ ਦਾ ਨਤੀਜਾ ਬਿਲਕੁਲ ਸਾਹਮਣੇ ਹੈ ਕਿ ਅੱਜ ਸ਼ਹਿਰੀ ਮੱਧਵਰਗੀ ਲੋਕ ਇੱਥੋਂ ਤਕ ਕਿ ਪਿੰਡਾਂ ਵਿਚ ਰਹਿਣ ਵਾਲੇ ਵੀ ਆਪਣੇ ਵਰਗੇ ਹੋਰਨਾਂ ਨਾਲੋਂ ਪਛੜ ਨਾ ਜਾਈਏ-ਪੰਜਾਬੀ ਛੱਡ ਕੇ ਅੰਗਰੇਜ਼ੀ ਭਾਸ਼ਾ ਵੱਲ ਰੁਚਿਤ ਹੋ ਰਹੇ ਹਨ। ਅਸੀਂ ਭੁੱਲ ਗਏ ਹਾਂ ਸੰਸਾਰ ਅੰਦਰ ਉਹ ਵੀ ਵਿਕਸਤ ਦੇਸ਼ ਹਨ ਜਿਵੇਂ ਰੂਸ, ਜਪਾਨ, ਜਰਮਨ, ਫਰਾਂਸ ਅਤੇ ਚੀਨ, ਇਨ੍ਹਾਂ ਮੁਲਕਾਂ ਵਿਚ ਕੇਵਲ ਮੁੱਢਲੀ ਸਿੱਖਿਆ ਹੀ ਨਹੀਂ ਸਗੋਂ ਹਰ ਤਰ੍ਹਾਂ ਦੀ ਉਚੇਰੀ ਸਿੱਖਿਆ ਵੀ ਮਾਤ ਭਾਸ਼ਾ ਵਿਚ ਦਿੱਤੀ ਜਾਂਦੀ ਹੈ। ਸਾਡੇ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਸਿਲੇਬਸ ਇੱਥੋਂ ਤਕ ਕਿ ਫਾਰਮ ਵੀ ਅੰਗਰੇਜ਼ੀ ਭਾਸ਼ਾ ਵਿਚ ਛਪਦੇ ਹਨ। ਦਫ਼ਤਰਾਂ ਵਿਚ ਨੌਕਰੀ ਦੇ ਜ਼ਰੂਰੀ ਕਾਗਜ਼ਾਤ ਵੀ ਅੰਗਰੇਜ਼ੀ ਭਾਸ਼ਾ ਵਿਚ ਮਿਲਦੇ ਹਨ। ਇੱਥੋਂ ਤਕ ਕਿ ਪੰਜਾਬ ਦੇ ਦਫ਼ਤਰਾਂ ਵਿਚ ਨੌਕਰੀ ਲਈ ਫਾਰਮ ਭਰਨਾ ਹੋਵੇ ਤਾਂ ਦਸਵੀਂ ਤਕ ਪੜ੍ਹਿਆਂ ਨੂੰ ਤਾਂ ਕਈ ਵਾਰੀ ਸਮਝ ਹੀ ਨਹੀਂ ਆਉਂਦਾ। ਇਹ ਵੀ ਗਲਤ ਹੈ ਕਿ ਅਸੀਂ ਅੰਗਰੇਜ਼ੀ ਭਾਸ਼ਾ ਨਾਲ ਨਫ਼ਰਤ ਕਰੀਏ ਕਿਉਂਕਿ ਹਰ ਇਕ ਭਾਸ਼ਾ ਦੀ ਆਪਣੀ-ਆਪਣੀ ਮਹਾਨਤਾ ਹੈ। ਸਾਡਾ ਤਾਂ ਸੁਆਲ ਇਹ ਹੈ ਕਿ ਕਿਸੇ ਦੀਆਂ ਗੱਲਾਂ ਵਿਚ ਆ ਕੇ ਆਪਣੀ ਮਾਂ-ਬੋਲੀ ਪੰਜਾਬੀ ਨਾ ਭੁੱਲ ਜਾਈਏ।

ਇਹ ਕਿੰਨੀ ਸ਼ਰਮ ਦੀ ਗੱਲ ਹੈ ਕਿ ਆਪਣੇ ਹੀ ਘਰ ਅੰਦਰ ਆਪਣੀ ਹੀ ਬੋਲੀ ਨੂੰ ਮਾਣ ਦਿਵਾਉਣ ਲਈ ਸਰਕਾਰ ਨੂੰ

ਕਦਮ ਪੁੱਟਣ ਲਈ ਕਿਹਾ ਜਾ ਰਿਹਾ ਹੈ। ਅਸੀਂ ਇਹ ਗੱਲ ਵੀ ਭਲੀਭਾਂਤ ਜਾਣਦੇ ਹਾਂ ਕਿ ਸਰਕਾਰ ਦੁਆਰਾ ਬਣਾਏ ਗਏ ਪੰਜਾਬੀ ਭਾਸ਼ਾ ਐਕਟ ਕਿੱਥੋਂ ਤਕ ਸਾਰਥਕ ਰੋਲ ਨਿਭਾ ਸਕੇ ਹਨ। ਸਰਕਾਰ ਦੇ ਨੁਮਾਇੰਦੇ ਸਿਆਸੀ ਹਿੱਤਾਂ ਲਈ ਸਿਧਾਂਤਕ ਪੱਧਰ 'ਤੇ ਭਾਵੇਂ ਹੇਜ ਪੰਜਾਬੀ ਭਾਸ਼ਾ ਨਾਲ ਜਤਾਉਂਦੇ ਹਨ, ਪਰ ਵਿਵਹਾਰਿਕ ਤੌਰ 'ਤੇ ਅੰਗਰੇਜ਼ੀ ਮਾਧਿਅਮ ਵਾਲੇ ਨਵੇਂ ਮਾਡਲ ਅਤੇ ਆਦਰਸ਼ ਸਕੂਲ ਖੋਲ੍ਹ ਕੇ ਕਿਸ ਗੱਲ ਦਾ ਪ੍ਰਗਟਾਵਾ ਹੋ ਰਿਹਾ ਹੈ। ਇਹ ਤਾਂ ਸਮਝਣ ਦੀ ਗੱਲ ਹੈ। ਕੀ ਸਰਕਾਰ ਇਸ ਰਵੱਈਏ ਰਾਹੀਂ ਮਾਂ-ਬੋਲੀ ਪ੍ਰਤੀ ਗੈਰ-ਸੁਹਿਰਦ ਅਤੇ ਗੈਰ-ਸੰਜੀਦਾ ਰਵੱਈਆ ਅਖ਼ਤਿਆਰ ਕਰਕੇ ਨਿੱਜੀ ਵਪਾਰਕ ਅਦਾਰਿਆਂ ਤੇ ਅੰਗਰੇਜ਼ੀ ਦਾ ਪੱਖ ਨਹੀਂ ਪੂਰ ਰਹੀ?

ਨਵੰਬਰ ਦੇ ਮਹੀਨੇ ਵਿਚ ਭਾਸ਼ਾ ਵਿਭਾਗ ਵੱਲੋਂ ਪੰਜਾਬੀ ਸਪਤਾਹ ਮਨਾਇਆ ਜਾਂਦਾ ਹੈ। ਇਕ ਨਵੰਬਰ ਨੂੰ 'ਪੰਜਾਬ ਦਿਵਸ' ਦੇ ਨਾਂ 'ਤੇ ਇਨ੍ਹਾਂ ਪ੍ਰੋਗਰਾਮਾਂ ਦੀ ਸ਼ੁਰੂਆਤ ਹੁੰਦੀ ਹੈ। ਪੰਜਾਬੀ ਭਾਸ਼ਾ ਦੇ ਨਾਂ ਹੇਠ ਬਹੁਤ ਸਾਰੇ ਪ੍ਰੋਗਰਾਮ ਵੀ ਕਰਵਾਏ ਜਾਂਦੇ ਹਨ ਤੇ ਇਹ ਭੁਲੇਖਾ ਪਾਇਆ ਜਾਂਦਾ ਹੈ ਕਿ ਪੰਜਾਬੀ ਭਾਸ਼ਾ ਦੇ ਵਿਕਾਸ ਵਾਸਤੇ ਭਾਸ਼ਾ ਵਿਭਾਗ ਪ੍ਰਮੁੱਖ ਰੋਲ ਅਦਾ ਕਰਦਾ ਹੈ। ਇੱਥੋਂ ਇਹ ਸਾਬਤ ਹੁੰਦਾ ਹੈ ਕਿ ਪੰਜਾਬੀ ਭਾਸ਼ਾ ਦਾ ਜ਼ਿਆਦਾ ਫਿਕਰ ਭਾਸ਼ਾ ਵਿਭਾਗ ਨੂੰ ਹੈ ਜਿਸ ਦਾ ਰਸਮੀ ਪ੍ਰਗਟਾਵਾ ਨਵੰਬਰ ਦੇ ਮਹੀਨੇ ਵਿਚ ਕੀਤਾ ਜਾਂਦਾ ਹੈ ਪਰ ਇਸ ਵਿਚ ਕਿੰਨਾ ਕੁ ਸੱਚ ਹੈ। ਇਹ ਵੀ ਸਭ ਦੇ ਸਾਹਮਣੇ ਹੈ। ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਪੂਰਨ ਰੁਤਬਾ ਦੇਣ ਲਈ ਸਮੇਂ-ਸਮੇਂ 'ਤੇ ਕਈ ਪੰਜਾਬੀ ਭਾਸ਼ਾ ਐਕਟ ਬਣਾਏ ਗਏ ਤੇ ਲਾਗੂ ਵੀ ਕੀਤੇ ਗਏ। ਕੀ ਇਨ੍ਹਾਂ ਦਾ ਪ੍ਰਭਾਵ ਅਸਰਦਾਇਕ ਸਾਬਤ ਹੋਇਆ ਹੈ। ਇਹ ਸਾਡੇ ਲਈ ਵਿਚਾਰਨਯੋਗ ਮਸਲਾ ਹੈ। 1967 ਵਿ ਪੰਜਾਬ ਰਾਜ ਭਾਸ਼ਾ ਐਕਟ ਹੋਂਦ ਵਿਚ ਆਇਆ। ਇਸ ਐਕਟ ਦੇ ਤਹਿਤ ਗੁਰਮੁਖੀ ਲਿੱਪੀ ਵਿਚ ਪੰਜਾਬੀ ਨੂੰ ਪੰਜਾਬ ਦੀ ਰਾਜ ਭਾਸ਼ਾ ਕਰਾਰ ਦਿੱਤਾ ਗਿਆ। ਪੰਜਾਬ ਸਰਕਾਰ ਵੱਲੋਂ 30 ਦਸੰਬਰ 1967 ਨੂੰ ਨੋਟੀਫਿਕੇਸ਼ਨ ਜਾਰੀ ਕਰਕੇ 1 ਜਨਵਰੀ 1968 ਤੋਂ ਜ਼ਿਲ੍ਹੇ ਤੋਂ ਲੈ ਕੇ ਹੇਠਲੀ ਪੱਧਰ ਤਕ ਰਾਜ ਪ੍ਰਬੰਧ ਵਿਚ ਪੰਜਾਬੀ ਦੀ ਵਰਤੋਂ ਦੀ ਹਦਾਇਤ ਕੀਤੀ ਗਈ। ਇਹ ਸਭ ਨਜ਼ਰਅੰਦਾਜ਼ ਹੋਇਆ। ਸਰਕਾਰ ਨੂੰ ਦੁਬਾਰਾ 2008 ਵਿਚ ਪੰਜਾਬੀ ਭਾਸ਼ਾ ਐਕਟ ਬਣਾਉਣਾ ਪਿਆ ਤੇ ਮੁੜ ਹਦਾਇਤਾਂ ਦਿੱਤੀਆਂ ਗਈਆਂ ਕਿ ਇਸ ਐਕਟ ਦੀ ਪਾਲਣਾ ਕਿਵੇਂ ਕਰਨੀ ਹੈ। ਇਹ ਸਾਰਾ ਕੁਝ ਇਸ ਗੱਲ ਦਾ ਹੀ ਪ੍ਰਗਟਾਵਾ ਕਰਦਾ ਹੈ ਕਿ ਸਾਡੀ ਪੰਜਾਬੀ ਭਾਸ਼ਾ ਖ਼ਤਰੇ ਤੋਂ ਖਾਲੀ ਨਹੀਂ ਹੈ।

ਅਸੀਂ ਭਾਵੇਂ ਜਿੰਨੇ ਮਰਜ਼ੀ ਪੰਜਾਬੀ ਦਿਵਸ ਮਨਾ ਲਈਏ, ਐਕਟ ਬਣਾ ਲਈਏ ਇਹ ਸਭ ਵਿਅਰਥ ਹੈ, ਜਿੰਨਾ ਚਿਰ ਪੰਜਾਬੀ ਭਾਸ਼ਾ ਦੀ ਖਸਤਾ ਹਾਲਤ ਬਾਰੇ ਸੋਚਣ ਲਈ ਅਸੀਂ ਪੂਰੀ ਤਰ੍ਹਾਂ ਚੇਤੰਨ ਨਹੀਂ ਹੁੰਦੇ, ਸਾਡੀ ਮਾਂ-ਬੋਲੀ ਦੇ ਰਸਤੇ ਵਿਚ ਪਈਆਂ ਰੁਕਾਵਟਾਂ ਨੂੰ ਖ਼ਤਮ ਕਰਨ ਲਈ ਅਸੀਂ ਗੰਭੀਰਤਾ ਨਾਲ ਨੋਟਿਸ ਨਹੀਂ ਲੈਂਦੇ ਤੇ ਉਸ ਵਰਤਾਰੇ ਪ੍ਰਤੀ ਲੋਕਾਂ ਨੂੰ ਸੁਚੇਤ ਨਹੀਂ ਕਰਦੇ, ਜਿਸ ਨੇ ਪੰਜਾਬੀ-ਬੋਲੀ ਦੇ ਰਸਤੇ ਵਿਚ ਗੰਭੀਰ ਖ਼ਤਰਾ ਖੜ੍ਹਾ ਕੀਤਾ ਹੈ, ਉਦੋਂ ਤਕ ਅਸੀਂ ਮਾਂ-ਬੋਲੀ ਨੂੰ ਇਨ੍ਹਾਂ ਚੁਣੌਤੀਆਂ ਤੋਂ ਨਹੀਂ ਬਚਾ ਸਕਦੇ।

ਆਓ ਸਾਰੇ ਮਿਲ ਕੇ ਆਪਾਂ ਚੇਤੰਨਤਾ ਦੀ ਜੋਤ ਜਗਾਈਏ।
ਜਿਹੜਾ ਸਾਡੇ ਰਾਹ ਵਿਚ ਅਟਕੂ ਉਹਨੂੰ ਜੜ੍ਹੋਂ ਮੁਕਾਈਏ।
ਮਾਖਿਓਂ ਮਿੱਠੀ ਮਾਂ ਬੋਲੀ ਹੈ ਕਹਿੰਦੇ ਨੇ ਲੋਕ ਸਿਆਣੇ,

ਐਵੇਂ ਨਾ ਕਿਸੇ ਦੇ ਪਿੱਛੇ ਲੱਗ ਕੇ, ਮਾਂ ਨੂੰ ਨਾ ਭੁੱਲ ਜਾਈਏ।